**TATA ਟੈਲੀਸਰਵਿਸੇਸ ਲਿਮਿਟੇਡ**
ਏ. ਈ ਅਤੇ ਐੱਫ ਬਲੌਂਕਸ,ਵੋਲਟਾਜ਼ ਪ੍ਰਿਮਾਈਸੇਸ, ਟੀ.ਬੀ. ਕਦਮ ਮਾਰਗ, ਚਿੰਚਪੋਕਲੀ, ਮੁੰਬਈ 400 033
ਟੈਲੀਫ਼ੋਨ ਨੰ : (022) 66671414 ਫ਼ੈਕਸ ਨੰ: (022) 66605335 ਵੈੱਬਸਾਈਟ : www.tataindiacom.com
ਰਜਿਸਟਰਡ ਦਫ਼ਤਰ: ਜੀਵਨ ਭਾਰਤੀ ਟਾਵਰ 1, 10ਵੀਂ ਮੰਜ਼ਲ, 124, ਕਨਾਟ ਸਰਕਸ, ਨਵੀਂ ਦਿੱਲੀ–110 001

**TATA ਟੈਲੀਸਰਵਿਸੇਸ ਮਹਾਰਾਸ਼ਟਰ ਲਿਮਿਟੇਡ**
ਏ. ਇਸਟੈਟ ਹਾਊਸ, ਬੀ. ਜੀ. ਖੇਰ ਮਾਰਗ, ਵਰਲੀ, ਮੁੰਬਈ–400 018

# ਟਾਟਾ ਇੰਡੀਕੌਮ
# ਅਭਿਆਸ ਪੁਸਤਿਕਾ



**ਇਹ ਮੈਨੁਅਲ ਆਫ ਪ੍ਰੈਕਟਿਸ ਅਤੇ ਐਪਿਲੈਟ ਅਧਿਕਾਰੀਆਂ ਦੀ ਜਾਨਕਾਰੀ**
www.tataindicom.com ਤੇ ਵੀ ਉਪਲਬਦ ਹੈ।

TATA indicom

# ਇੰਡੈਕਸ


| | |
|---|---|
| ਮੁਖਬੰਧ | 2 |
| ਹਰ ਸਰਕਲ ਦਾ ਪਤਾ | 3 |
| ਮੁਹੱਈਆ ਸੇਵਾਵਾਂ | 3 |
| ਪੋਸਟ-ਪੇਡ ਗਾਹਕ ਲਈ ਸੰਪਰਕ ਕੇਂਦਰ | 4 |
| ਪ੍ਰੀ-ਪੇਡ ਗਾਹਕ ਲਈ ਸੰਪਰਕ ਕੇਂਦਰ | 5 |
| ਪੇ ਟੈਲੀਫ਼ੋਨੀ, ਪ੍ਰੀ-ਪੇਡ ਵਾਕੀ, ਪਾਰਸੈਕ ਅਤੇ ਕਾਲਿੰਗ ਕਾਰਡ ਗਾਹਕਾਂ ਲਈ ਸੰਪਰਕ ਕੇਂਦਰ | 6 |
| ਨਿਯਮ ਅਤੇ ਸ਼ਰਤਾਂ | 8 |
| ਕੇਂਦਰ ਅਫਸਰਾਂ ਦੇ ਵੇਰਵੇ | 15 |
| ਐਪਿਲੈਟ ਅਧਿਕਾਰੀ | 17 |
| ਅੰਤਿਕਾ I | 19 |
| ਅੰਤਿਕਾ II ਅਤੇ III | 20 |

# ਮੁਖਬੰਧ

ਪਿਆਰੇ ਗਾਹਕ ਜੀ,

ਟਾਟਾ ਇੰਡੀਕੌਮ ਵਿਖੇ, ਅਸੀਂ ਤੁਹਾਨੂੰ ਦੂਰ-ਸੰਚਾਰ ਖੇਤਰ ਦੀਆਂ ਸਭ ਤੋਂ ਵਧੀਆ ਸਹੂਲਤਾਂ ਦੇਣ ਦਾ ਯਤਨ ਕਰਦੇ ਹਾਂ। ਫਿਰ ਭਾਵੇਂ ਇਹ ਵਿਸ਼ਾਲ ਨੈੱਟਵਰਕ ਦਾ ਮਾਮਲਾ ਹੋਵੇ, ਜਾਂ ਫਿਰ ਵੈਲਿਊ ਐਡਿਡ ਸੇਵਾਵਾਂ ਦਾ।

ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਲਈ, ਅਸੀਂ ਮਹਿਸੂਸ ਕਰਦੇ ਹਾਂ ਕਿ ਤੁਹਾਡੇ ਲਈ ਆਪਣੀ ਟੈਲੀਕੌਮ ਸੇਵਾ ਦੇਣ ਵਾਲੀ ਕੰਪਨੀ ਅਤੇ ਇਸ ਨਾਲ ਜੁੜੇ ਸਾਡੇ ਰੈਗੂਲੇਟਰ ਟੀਆਰਏਆਈ (ਟੈਲੀਕੌਮ ਰੈਗੂਲੇਟਰੀ ਔਥਾਰਿਟੀ ਆਫ਼ ਇੰਡੀਆ) ਦੀਆਂ ਹਿਦਾਇਤਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ। **ਇਹ ਐਔਪੀ ਪੁਸਤਿਕਾ ਟਾਟਾ ਟੈਲਿਸਰਵਿਸਿਸ ਲਿਮਿਟਿਡ ਹੇਠ ਸਾਰੇ ਬ੍ਰਾਂਡ ਦੇ ਓਪਭੋਗਤਾ ਲਈ ਹੈ ਅਤੇ** ਇਹ ਪੁਸਤਿਕਾ ਤੁਹਾਨੂੰ ਸਾਰੀ ਲੋੜੀਂਦੀ ਜਾਣਕਾਰੀ ਮੁਹੱਈਆ ਕਰਾਵੇਗੀ, ਜਿਸ ਨਾਲ ਤੁਸੀਂ ਸਾਡੀਆਂ ਹੈਲਪਲਾਈਨਾਂ, ਸਰਕਲ ਦੇ ਪਤੇ, ਸੇਵਾ ਦੇ ਪਸਾਰ ਅਤੇ ਸੇਵਾ ਦੀ ਪ੍ਰਤਿਬੱਧਤਾ ਬਾਰੇ ਜਾਣਕਾਰੀ ਹਾਸਲ ਕਰਕੇ ਆਪਣੇ ਟਾਟਾ ਇੰਡੀਕੌਮ ਕਨੈਕਸ਼ਨ ਦਾ ਭਰਪੂਰ ਲਾਭ ਉਠਾ ਸਕਦੇ ਹੋ।

ਨਿੱਘੇ ਆਦਰ ਸਹਿਤ,



ਜੋਗੇਸ਼ ਨੱਯਰ
ਕਸਟਮਰ ਲਾਇਫ਼ਸਟਾਇਲ ਮੈਨੇਜਮੇਂਟ – ਪ੍ਰਮੁਖ



## ਹਰ ਸਰਕਲ ਦਾ ਪਤਾ

**ਆਂਧਰ ਪ੍ਰਦੇਸ਼**: ਟਾਟਾ ਟੈਲੀਸਰਵਿਸੇਸ ਲਿ., 5-9-62, ਖਾਨ ਲਤੀਫ਼ ਖਾਨ ਇਸਟੇਟ, ਫ਼ਤਹਿ ਮੈਦਾਨ ਰੋਡ, ਫ਼ਤਹਿ ਮੈਦਾਨ ਸਟੇਡੀਅਮ ਦੇ ਸਾਮ੍ਹਣੇ, ਹੈਦਰਾਬਾਦ -500001

**ਬਿਹਾਰ**: ਟਾਟਾ ਟੈਲੀਸਰਵਿਸੇਸ ਲਿ., 2ਜੀ ਮੰਜ਼ਲ, ਮਹਾਰਾਜਾ ਕਾਮੇਸ਼ਵਰ ਕੰਪਲੈਕਸ, ਓਲਡ ਆਰਿਆਵਸਥ ਕੰਪਲੈਕਸ, ਫ਼੍ਰੇਸਰ ਰੋਡ, ਪਟਨਾ-800001

**ਦਿੱਲੀ**: ਟਾਟਾ ਟੈਲੀਸਰਵਿਸੇਸ ਲਿ., 2 ਏ, ਓਲਡ ਈਸ਼ਵਰ ਨਗਰ, ਮੇਨ ਮਥੁਰਾ ਰੋਡ, ਨਿਊ ਫ਼੍ਰੈਂਡਜ਼ ਕਾਲੋਨੀ ਮਾਰਕੀਟ ਦੇ ਸਾਮ੍ਹਣੇ, ਨਵੀਂ ਦਿੱਲੀ-110065

**ਗੁਜਰਾਤ**: ਟਾਟਾ ਟੈਲੀਸਰਵਿਸੇਸ ਲਿ., 2 ਜੀ ਮੰਜ਼ਲ, ਗੁਜਰਾਤ ਭਵਨ, ਐਮਜੇ ਲਾਇਬ੍ਰੇਰੀ ਦੇ ਨਾਲ, ਐਲਿਸਬ੍ਰਿਜ, ਅਹਿਮਦਾਬਾਦ-380006

**ਹਰਿਆਣਾ**: ਟਾਟਾ ਟੈਲੀਸਰਵਿਸੇਸ ਲਿ., ਐਸਸੀਓ 224, ਸੈਕਟਰ 12, ਅਰਬਨ ਇਸਟੇਟ ਪਾਰਟ1, ਕਰਨਾਲ-132001.

**ਹਿਮਾਚਲ ਪ੍ਰਦੇਸ਼**: ਟਾਟਾ ਟੈਲੀਸਰਵਿਸੇਸ ਲਿ., ਹਰੀ ਵਿੱਲਾ, ਮੌਜ਼ਾ ਛੋਟਾ, ਛੋਟਾ ਸ਼ਿਮਲਾ, ਕਸੁਮਪਟੀ ਰੋਡ, ਸ਼ਿਮਲਾ-171009

**ਝਾਰਖੰਡ**: ਟਾਟਾ ਟੈਲੀਸਰਵਿਸੇਸ ਲਿ., 4 ਥੀ ਮੰਜ਼ਲ, ਵੋਲਟਾਜ਼ ਹਾਊਸ, ਬਿਸਤੂਪੁਰ ਮੇਨ ਰੋਡ, ਰਾਮ ਮੰਦਰ ਦੇ ਨੇੜੇ, ਜਮਸ਼ੇਦਪੁਰ-831001

**ਕਰਨਾਟਕ**: ਟਾਟਾ ਟੈਲੀਸਰਵਿਸੇਸ ਲਿ., 30/1, ਸਿਲਿਕੌਨ ਟੈਰੇਸ, ਹੋਸੂਰ ਮੇਨ ਰੋਡ, ਦੀ ਫੋਰਮ ਦੇ ਸਾਮ੍ਹਣੇ, ਕੋਰਮੰਗਲਮ, ਬੰਗਲੌਰ-560095

**ਕੇਰਲ**: ਟਾਟਾ ਟੈਲੀਸਰਵਿਸੇਸ ਲਿ., ਤਲ ਮੰਜ਼ਲ, ਐਸ.ਐਲ. ਪਲਾਜ਼ਾ, ਪਲਾਰੀਵੱਟਮ, ਵਿਆਪਾਰ ਭਵਨ ਦੇ ਸਾਮ੍ਹਣੇ, ਕੋਚੀ-682025

**ਕੋਲਕਾਤਾ**: ਟਾਟਾ ਟੈਲੀਸਰਵਿਸੇਸ ਲਿ., ਮਾਰਫ਼ਤ ਵਿਦੇਸ਼ ਸੰਚਾਰ ਭਵਨ, 1/18, ਸੀਆਈਟੀ ਸਕੀਮ, ਵੀਆਈਆਈਐਮ ਉਲਟਾਡੰਗਾ, ਕੋਲਕਾਤਾ-700054

**ਬਾਕੀ ਪੱਛਮੀ ਬੰਗਾਲ**: ਟਾਟਾ ਟੈਲੀਸਰਵਿਸੇਸ ਲਿ., ਕਲਪਤਰੂ, ਯੂਨਿਟ ਨੰ: ਬੀ 402-404, ਬੰਗਾਲ ਸ਼੍ਰਿਸਟੀ ਕੰਪਲੈਕਸ, 3ਜੀ ਮੰਜ਼ਲ, ਸਿਟੀ ਸੈਂਟਰ, ਦੁਰਗਾਪੁਰ-713216

**ਮੱਧ ਪ੍ਰਦੇਸ਼**: ਟਾਟਾ ਟੈਲੀਸਰਵਿਸੇਸ ਲਿ., ਕਵਾਲਿਟੀ ਗਲੋਬਸ, ਪਰਮਾਲੀ ਵੈਲੇਸ ਕੰਪਾਊਂਡ, ਭਾਰਤੀ ਰਿਜ਼ਰਵ ਬੈਂਕ ਦੇ ਸਾਮ੍ਹਣੇ, ਹੋਸ਼ੰਗਾਬਾਦ ਰੋਡ, ਭੋਪਾਲ-462011

**ਮੁੰਬਈ**: ਟਾਟਾ ਟੈਲੀਸਰਵਿਸੇਸ (ਮਹਾਰਾਸ਼ਟਰ) ਲਿ., ਡੀ-26, ਟੀਟੀਸੀ ਇੰਡਸਟ੍ਰੀਅਲ ਏਰੀਆ, ਐਮਆਈਡੀਸੀ, ਸਾਨਪਾਡਾ, ਨਵੀ ਮੁੰਬਈ-400613

**ਬਾਕੀ ਮਹਾਰਾਸ਼ਟਰ**: ਟਾਟਾ ਟੈਲੀਸਰਵਿਸੇਸ (ਮਹਾਰਾਸ਼ਟਰ) ਲਿ., ਅਲ ਅਕਮਰ ਬਿਲਡਿੰਗ, ਕਲਾ ਨਿਕੇਤਨ ਦੇ ਪਿਛਲੇ ਪਾਸੇ, ਸੰਚੇਤੀ ਹਸਪਤਾਲ ਦੇ ਸਾਮ੍ਹਣੇ, ਗਣੇਸ਼ ਖਿੰਡ ਰੋਡ, ਸ਼ਿਵਾਜੀ ਨਗਰ, ਪੂਣੇ-411005

**ਉੜੀਸਾ**: ਟਾਟਾ ਟੈਲੀਸਰਵਿਸੇਸ ਲਿ., 3ਜੀ ਮੰਜ਼ਲ, ਮਾਡਿਊਲ-ਸੀ, ਫਰਚੂਨ ਟਾਵਰਜ਼, ਚੰਦਰਸ਼ੇਖਰਪੁਰ, ਭੁਵਨੇਸ਼ਵਰ-751016

**ਪੰਜਾਬ**: ਟਾਟਾ ਟੈਲੀਸਰਵਿਸੇਸ ਲਿ., ਸੀ-128, ਫੇਜ਼ VIII, ਇੰਡਸਟ੍ਰੀਅਲ ਏਰੀਆ, ਮੋਹਾਲੀ-160071

**ਰਾਜਸਥਾਨ**: ਟਾਟਾ ਟੈਲੀਸਰਵਿਸੇਸ ਲਿ., ਦੀ ਗੁਰਮਾਨ-1, ਅਮਰਪਾਲੀ ਸਰਕਲ, ਵੈਸ਼ਾਲੀ ਨਗਰ, ਜੈਪੁਰ-302021

**ਤਮਿਲ ਨਾਡੂ**: ਟਾਟਾ ਟੈਲੀਸਰਵਿਸੇਸ ਲਿ.,ਨੰ: 2, 3, 4 ਪਾਰਸ ਟਾਵਰਜ਼, ਥਿਰੂ ਵਿਕਾ ਰੋਡ, ਰੋਇਆਪੇਟਾ, ਸ਼ਿਆਮ ਥੀਏਟਰ ਦੇ ਨੇੜੇ, ਚੇੱਨਈ-600014

**ਉੱਤਰ ਪ੍ਰਦੇਸ਼ (ਪੂ)**: ਟਾਟਾ ਟੈਲੀਸਰਵਿਸੇਸ ਲਿ., 2, ਆਰ.ਐਫ਼. ਬਹਾਦਰਜੀ ਮਾਰਗ, ਸ਼ਕਤੀ ਭਵਨ ਦੇ ਪਿਛਲੇ ਪਾਸੇ, ਲਖਨਊ-226001

**ਉੱਤਰ ਪ੍ਰਦੇਸ਼ (ਪੱ)**: ਟਾਟਾ ਟੈਲੀਸਰਵਿਸੇਸ ਲਿ., 501, ਮੰਗਲ ਪਾਂਡੇ ਨਗਰ, ਮੇਨ ਯੂਨੀਵਰਸਿਟੀ ਰੋਡ, ਮੇਰਟ-250001

**ਕਾਰਪੋਰੇਟ ਦਫ਼ਤਰ**: ਟਾਟਾ ਟੈਲੀਸਰਵਿਸੇਸ ਲਿ., ਏ, ਈ ਐਂਡ ਐਫ਼ ਬਲੌਕਸ,ਵੋਲਟਾਜ਼ ਪ੍ਰਿਮਾਈਸੇਸ, ਟੀ.ਬੀ. ਕਦਮ ਮਾਰਗ, ਚਿੰਚਪੋਕਲੀ, ਮੁੰਬਈ-400033

## ਮੁਹੱਈਆ ਉਤਪਾਦਨ ਅਤੇ ਸੇਵਾਵਾਂ:

• ਮੋਬਾਈਲ • ਵਾਇਰਲੈੱਸ • ਵਾਇਰਲਾਈਨ • ਆਈਐਸਡੀਐਨ • ਪੇ ਟੈਲੀਫ਼ੋਨੀ-ਰੀਟੇਲ ਅਤੇ ਇੰਸਟੀਟਿਊਸ਼ਨਲ ਬਿਜ਼ਨੈਸ
• ਪ੍ਰੀਪੇਡ ਵਾਕੀ • ਪਾਰਸੈਕ • ਕਾਲਿੰਗ ਕਾਰਡਜ਼ • ਬ੍ਰੌਡਬੈਂਡ

**ਸੇਵਾ ਫੈਲਾਉ:** ਸ਼ਹਿਰਾਂ ਅਤੇ ਕਸਬਿਆਂ ਦੀ ਮੁਕੰਮਲ ਸੂਚੀ ਲਈ ਸਾਡੀ ਵੈੱਬਸਾਈਟ www.tataindicom.com ਤੇ ਲੌਗ ਔਨ ਕਰੋ।

### ਪੋਸਟ-ਪੇਡ ਗਾਹਕਾਂ ਲਈ ਸੰਪਰਕ ਕੇਂਦਰ

ਕਿਸੇ ਪੋਸਟ-ਪੇਡ ਟਾਟਾ ਇੰਡੀਕੌਮ ਫ਼ੋਨ ਤੋਂ 121 (ਟੋਲ ਫ਼੍ਰੀ) ਡਾਇਲ ਕਰੋ ਜਾਂ ਟਾਟਾ ਫ਼ੋਨ ਤੋਂ ਬਿਨਾਂ ਕਿਸੇ ਹੋਰ ਫ਼ੋਨ ਤੋਂ ਹੇਠਾਂ ਲਿਖੇ ਅਨੁਸਾਰ ਨੰਬਰ ਡਾਇਲ ਕਰੋ:

| ਸਰਕਲ | ਈ-ਮੇਲ | ਕਾਲ ਸੈਂਟਰ ਨੰਬਰ | ਫ਼ੈਕਸ ਨੰ: |
|---|---|---|---|
| ਆਂਧਰ ਪ੍ਰਦੇਸ਼ | customercare.ap@tatatel.co.in | 9246000121 | 040-66553339 |
| ਬਿਹਾਰ | customercare.bihar@tatatel.co.in | 9234000121 | 0657-6699018 |
| ਦਿੱਲੀ | customercare.delhi@tatatel.co.in | 9210000121 | 011-66551313 |
| ਗੁਜਰਾਤ | customercare.guj@tatatel.co.in | 9227000121 | 079-66558030 |
| ਹਰਿਆਣਾ | customercare.haryana@tatatel.co.in | 9254000121 | 0184-4037475 |
| ਹਿਮਾਚਲ ਪ੍ਰਦੇਸ਼ | customercare.hp@tatatel.co.in | 9218000121 | 0177-2624226 |
| ਕਰਨਾਟਕ | customercare.karnataka@tatatel.co.in | 9243000121 | 080-66685000<br>080-66681000 |
| ਕੇਰਲ | customercare.kl@tatatel.co.in | 9249000121 | 0484-2333666 |
| ਕੋਲਕਾਤਾ | customercare.kolkata@tatatel.co.in | 9231000121 | 033-23550152 |
| ਮੱਧ ਪ੍ਰਦੇਸ਼ | customer.mpcg@tatatel.co.in | 9229000121 | 9229101313 |
| ਮੁੰਬਈ | csmumbai@tatatel.co.in | 9220000121 | 022-67917777 |
| ਉੜੀਸਾ | customercare.orissa@tatatel.co.in | 9238000121 | 0674-6550248 |
| ਪੰਜਾਬ | customercare.punjab@tatatel.co.in | 9217000121 | 0172-6551700 |
| ਰਾਜਸਥਾਨ | customercare.rajasthan@tatatel.co.in | 9214000121 | 0141-5115880 |
| ਬਾਕੀ ਮਹਾਰਾਸ਼ਟਰ | cs.helpdesk@tatatel.co.in | 9225000121 | 020-66096300 |
| ਬਾਕੀ ਬੰਗਾਲ | customercare.westbengal@tatatel.co.in | 9233000121 | 0343-2544010<br>0343-2544870 |
| ਬਾਕੀ ਤਮਿਲਨਾਡੂ | customercare.tn@tatatel.co.in | 9244000121 | 044-66661266 |
| ਤਮਿਲਨਾਡੂ | customercare.tn@tatatel.co.in | 9244001281 | 044-66661266 |
| ਯੂ.ਪੀ. (ਪੂਰਬ) | customercare.up@tatatel.co.in | 9235000121 | 0522-4000700 |
| ਯੂ.ਪੀ. (ਪੱਛਮ) | customercare.upw@tatatel.co.in | 9219000121 | 0121-2762767 |



### ਪ੍ਰੀ-ਪੇਡ ਗਾਹਕਾਂ ਲਈ ਸੰਪਰਕ ਕੇਂਦਰ

ਕਿਸੇ ਪ੍ਰੀ-ਪੇਡ ਟਾਟਾ ਇੰਡੀਕੌਮ ਫ਼ੋਨ ਤੋਂ 12524 (ਟੋਲ ਫ਼੍ਰੀ) ਡਾਇਲ ਕਰੋ ਜਾਂ ਟਾਟਾ ਫ਼ੋਨ ਤੋਂ ਬਿਨਾਂ ਕਿਸੇ ਹੋਰ ਫ਼ੋਨ ਤੋਂ ਹੇਠਾਂ ਲਿਖੇ ਅਨੁਸਾਰ ਨੰਬਰ ਡਾਇਲ ਕਰੋ:

| ਸਰਕਲ | ਈ-ਮੇਲ | ਕਾਲ ਸੈਂਟਰ ਨੰਬਰ | ਫ਼ੈਕਸ ਨੰ: |
|---|---|---|---|
| ਆਂਧਰ ਪ੍ਰਦੇਸ਼ | customercare.ap@tatatel.co.in | 9246012524 | 040-66553339 |
| ਬਿਹਾਰ | customercare.bihar@tatatel.co.in | 9234012524 | 0657-6699018 |
| ਦਿੱਲੀ | customercare.delhi@tatatel.co.in | 9210012524 | 011-66551313 |
| ਗੁਜਰਾਤ | customercare.guj@tatatel.co.in | 9227012524 | 079-66558030 |
| ਹਰਿਆਣਾ | customercare.haryana@tatatel.co.in | 9254012524 | 0184-4037475 |
| ਹਿਮਾਚਲ ਪ੍ਰਦੇਸ਼ | customercare.hp@tatatel.co.in | 9218012524 | 0177-2624226 |
| ਕਰਨਾਟਕ | customercare.karnataka@tatatel.co.in | 9243012524 | 080-66685000<br>080-66681000 |
| ਕੇਰਲ | customercare.kl@tatatel.co.in | 9249012524 | 0484-2333666 |
| ਕੋਲਕਾਤਾ | customercare.kolkata@tatatel.co.in | 9231012524 | 033-23550152 |
| ਮੱਧ ਪ੍ਰਦੇਸ਼ | customer.service@tatatel.co.in | 9229012524 | 9229101313 |
| ਮੁੰਬਈ | csmumbai@tatatel.co.in | 9220012524 | 022-67917777 |
| ਉੜੀਸਾ | customercare.orissa@tatatel.co.in | 9238012524 | 0674-6550248 |
| ਪੰਜਾਬ | customercare.punjab@tatatel.co.in | 9217012524 | 0172-6551700 |
| ਰਾਜਸਥਾਨ | customercare.rajasthan@tatatel.co.in | 9214012524 | 0141-5115880 |
| ਬਾਕੀ ਮਹਾਰਾਸ਼ਟਰ | cs.helpdesk@tatatel.co.in | 9225012524 | 020-66096300 |
| ਬਾਕੀ ਬੰਗਾਲ | customercare.westbengal@tatatel.co.in | 9233012524 | 0343-2544010<br>0343-2544870 |
| ਤਮਿਲਨਾਡੂ | customercare.tn@tatatel.co.in | 9240012524 | 044-66661266 |
| ਯੂ.ਪੀ. (ਪੂਰਬ) | customercare.up@tatatel.co.in | 9235012524 | 0522-4000700 |
| ਯੂ.ਪੀ. (ਪੱਛਮ) | customercare.upw@tatatel.co.in | 9219012524 | 0121-2762767 |

## ਟਾਟਾ ਟੈਲੀਸਰਵਿਸੇਸ ਲਿ. ਅਤੇ ਟਾਟਾ ਟੈਲੀਸਰਵਿਸੇਸ ਮਹਾਰਾਸ਼ਟਰ ਲਿ.

**ਪੇ ਟੈਲੀਫ਼ੋਨੀ, ਵਾਕੀ ਪ੍ਰੀਪੇਡ, ਪਾਰਸੈਕ ਅਤੇ ਕਾਲਿੰਗ ਕਾਰਡ ਗਾਹਕਾਂ ਲਈ ਸੰਪਰਕ ਕੇਂਦਰ :**

| ਕਿਸੇ ਵੀ ਟਾਟਾ ਫ਼ੋਨ ਤੋਂ ਕਿਸੇ **ਪੇ ਟੈਲੀਫ਼ੋਨੀ**–ਰੀਟੇਲ ਅਤੇ ਇੰਸਟੀਟਿਊਸ਼ਨਲ ਪ੍ਰੋਡਕਟ ਲਈ ਟੋਲ ਫ਼੍ਰੀ ਨੰਬਰ 1281 ਅਤੇ ਗੈਰ–ਟਾਟਾ ਫ਼ੋਨਾਂ ਤੋਂ ਇਹ ਨੰਬਰ ਡਾਇਲ ਕਰੋ : | | **ਪ੍ਰੀਪੇਡ ਵਾਕੀ ਫ਼ੋਨ** ਲਈ ਟੋਲ ਫ਼੍ਰੀ ਨੰਬਰ 12532 (ਉੜੀਸਾ ਲਈ 1281) ਅਤੇ ਗੈਰ–ਟਾਟਾ ਫ਼ੋਨਾਂ ਤੋਂ ਇਹ ਨੰਬਰ ਡਾਇਲ ਕਰੋ : | |
|---|---|---|---|
| **ਸਰਕਲ** | **ਕਾਲ ਸੈਂਟਰ ਨੰ:** | **ਸਰਕਲ** | **ਕਾਲ ਸੈਂਟਰ ਨੰ:** |
| ਆਂਧਰ ਪ੍ਰਦੇਸ਼ | 9246001281 | ਆਂਧਰ ਪ੍ਰਦੇਸ਼ | 9246012532 |
| ਬਿਹਾਰ/ਝਾਰਖੰਡ | 9234001281 | ਬਿਹਾਰ | 9234512532 |
| ਦਿੱਲੀ | 01166551281 | ਗੁਜਰਾਤ | 9227012532 |
| ਗੁਜਰਾਤ | 922 7001281 | ਹਰਿਆਣਾ | 9254012532 |
| ਹਰਿਆਣਾ | 9254001281 | ਹਿਮਾਚਲ ਪ੍ਰਦੇਸ਼ | 9218012532 |
| ਹਿਮਾਚਲ ਪ੍ਰਦੇਸ਼ | 9254001281 | ਕਰਨਾਟਕ | 9243012532 |
| ਕਰਨਾਟਕ | 9254001281 | ਕੇਰਲ | 9249012532 |
| ਕੇਰਲ | 9249001281 | ਮੱਧ ਪ੍ਰਦੇਸ਼ | 9229012532 |
| ਕੋਲਕਾਤਾ | 9231001281/ | ਮੁੰਬਈ | 9220012524 |
| | 033 65551281 | ਉੜੀਸਾ | 9238012532 |
| ਮੱਧ ਪ੍ਰਦੇਸ਼ | 9229001281 | ਪੰਜਾਬ | 9217012532 |
| ਮੁੰਬਈ | 9220001281 | ਰਾਜਸਥਾਨ | 9214012532 |
| ਉੜੀਸਾ | 9238001281 | ਬਾਕੀ ਮਹਾਰਾਸ਼ਟਰ | 9225012524 |
| ਪੰਜਾਬ | 9217001281 | ਬਾਕੀ ਬੰਗਾਲ | 9233312532 |
| ਰਾਜਸਥਾਨ | 9214001281 | ਤਮਿਲਨਾਡੂ | 9244412532 |
| ਬਾਕੀ ਮਹਾਰਾਸ਼ਟਰ | 9225001281 | ਯੂ.ਪੀ. (ਪੂਰਬ) | 9235012532 |
| ਬਾਕੀ ਬੰਗਾਲ | 9233311281 | ਯੂ.ਪੀ. (ਪੱਛਮ) | 9235012532 |
| ਤਮਿਲਨਾਡੂ | 04466661281 | | |
| ਯੂ.ਪੀ. (ਪੂਰਬ) | 9235001281 | | |
| ਯੂ.ਪੀ. (ਪੱਛਮ) | 9235001281 | | |



ਕਿਸੇ ਟਾਟਾ ਫ਼ੋਨ ਤੋਂ **ਪਾਰਸੈਕ ਪ੍ਰੋਡਕਟ** ਲਈ ਟੋਲ ਫ਼੍ਰੀ ਨੰਬਰ 12545 ਅਤੇ ਕਿਸੇ ਗੈਰ–ਟਾਟਾ ਫ਼ੋਨ ਤੋਂ ਇਹ ਨੰਬਰ ਡਾਇਲ ਕਰੋ:

| **ਸਰਕਲ** | **ਕਾਲ ਸੈਂਟਰ ਨੰਬਰ** | **ਈ–ਮੇਲ** | **ਫ਼ੈਕਸ ਨੰ:** |
|---|---|---|---|
| ਆਂਧਰ ਪ੍ਰਦੇਸ਼ | 9246012545 | customercare.ap@tatatel.co.in | 040-66553339 |
| ਬਿਹਾਰ | 0612- 6512545 | customercare.bihar@tatatel.co.in | 0657-6699018 |
| ਦਿੱਲੀ | NA | customercare.delhi@tatatel.co.in | 011-66551313 |
| ਗੁਜਰਾਤ | 9227012545 | customercare.guj@tatatel.co.in | 079-66558030 |
| ਹਰਿਆਣਾ | 9254012545 | customercare.haryana@tatatel.co.in | 0184-4037475 |
| ਹਿਮਾਚਲ ਪ੍ਰਦੇਸ਼ | 9218012545 | customercare.hp@tatatel.co.in | 0177-2624226 |
| ਕਰਨਾਟਕ | 9243012545 | customercare.karnataka@tatatel.co.in | 080-66685000<br>080-66681000 |
| ਕੇਰਲ | 9249012545 | customercare.kl@tatatel.co.in | 0484-2333666 |
| ਕੋਲਕਾਤਾ | 9233312545 | customercare.kolkata@tatatel.co.in | 033-23550152 |
| ਮੱਧ ਪ੍ਰਦੇਸ਼ | 9229012545 | customercare.mpcg@tatatel.co.in | 9229101313 |
| ਉੜੀਸਾ | 9238312545 | customercare.orissa@tatatel.co.in | 0674-6550248 |
| ਪੰਜਾਬ | 9217012545 | customercare.punjab@tatatel.co.in | 0172-6551700 |
| ਰਾਜਸਥਾਨ | 9214012545 | customercare.rajasthan@tatatel.co.in | 0141-5115880 |
| ਬਾਕੀ ਬੰਗਾਲ | 9233312545 | customercare.westbengal@tatatel.co.in | 0343-2544010 |
| ਤਮਿਲਨਾਡ | 9244112545 | customercare.tn@tatatel.co.in | 044-66661266 |
| ਯੂ.ਪੀ. (ਪੂਰਬ) | 9235012545 | customercare.up@tatatel.co.in | 0522-4000700 |
| ਯੂ.ਪੀ. (ਪੱਛਮ) | 9235012545 | customercare.up@tatatel.co.in | 0121-2762767 |

ਕਿਸੇ ਵੀ ਟਾਟਾ ਫ਼ੋਨ ਤੋਂ **ਕਾਲਿੰਗ ਕਾਰਡ** ਪ੍ਰੋਡਕਟ ਲਈ ਟੋਲ ਫ਼੍ਰੀ ਨੰਬਰ 12678 ਹੈ।

# ਟਾਟਾ ਟੈਲੀਸਰਵਿਸੇਸ ਲਿ. ਅਤੇ ਟਾਟਾ ਟੈਲੀਸਰਵਿਸੇਸ ਮਹਾਰਾਸ਼ਟਰ ਲਿ.

## ਨਿਯਮ ਅਤੇ ਸ਼ਰਤਾਂ

**ਇਹ ਐਮਓਪੀ ਪੁਸਤਿਕਾ ਟਾਟਾ ਟੈਲਿਸਰਵਿਸਿਸ ਲਿਮਿਟਿਡ ਹੇਠ ਸਾਰੇ ਬ੍ਰਾਂਡ ਦੇ ਉਪਭੋਗਤਾ ਲਈ ਹੈ।**

### 1. ਵਿਆਖਿਆਵਾਂ

(ੳੳ) ਅਪੀਲ ਸੁਣਨ ਵਾਲੇ ਅਧਿਕਾਰੀ ਮਤਲਬ ਟੀਆਰਏਆਈ ਦੇ 2007 ਦੇ ਕਾਇਦੇ 3 ਅਧੀਨ ਅਪੀਲ ਸੁਣਨ ਵਾਲੇ ਅਧਿਕਾਰੀ ਵਜੋਂ ਨਿਯੁਕਤ ਇਕ ਜਾਂ ਵੱਧ ਵਿਅਕਤੀ।

ੳ) ''ਖ਼ਰਚੇ'' ਜਾਂ ''ਦਰ'' ਵਿਚ ਸਾਰੀਆਂ ਫ਼ੀਸਾਂ, ਕਾਲ ਦੇ ਖ਼ਰਚੇ/ ਦਰਾਂ, ਡਿਪਾਜ਼ਿਟ, ਕਿਰਾਇਆ ਅਤੇ ਇੰਟਰਕਨੈਕਸ਼ਨ ਲਾਗਤਾਂ ਸ਼ਾਮਲ ਹੋਣਗੀਆਂ ਅਤੇ ਇਸ ਵਿਚ ਗਾਹਕ ਨੂੰ ਸਮੇਂ-ਸਮੇਂ ਤੇ ਇਨ੍ਹਾਂ ਨਾਲ ਸਬੰਧਿਤ ਸੇਵਾ/ਵਾਂ ਮੁਹੱਈਆ ਕਰਨ ਲਈ ਟੀਟੀਐੱਲ ਦੁਆਰਾ ਵਸੂਲ ਕੀਤੇ ਜਾਣ ਵਾਲੇ ਕੋਈ ਵੀ ਹੋਰ ਇਤਫਾਕੀਆ ਖ਼ਰਚੇ ਸ਼ਾਮਲ ਹਨ ਅਤੇ ਇਸ ਵਿਚ ਸਾਰੇ ਸਰਕਾਰੀ ਕਰ (ਮੌਜੂਦਾ ਅਤੇ ਭਵਿੱਖ ਦੇ) ਸ਼ਾਮਲ ਹੋਣਗੇ।

ਅ) ''ਗਾਹਕ'' ਦਾ ਮਤਲਬ ਹੋਵੇਗਾ ਉਹ ਵਿਅਕਤੀ ਜਾਂ ਹਸਤੀ ਜਾਂ ਆਦਮੀ ਜਿਸ ਨੇ ਨਾਲ ਦਿੱਤੇ ਗਾਹਕ ਅਰਜ਼ੀ ਫ਼ਾਰਮ ਅਨੁਸਾਰ ਸੇਵਾ/ਵਾਂ ਮੁਹੱਈਆ ਕਰਨ ਲਈ ਅਰਜ਼ੀ ਦਿੱਤੀ ਹੈ।

ੲ) ''ਮਨੋਨੀਤ ਸੇਵਾ ਪ੍ਰਦਾਤਾ'' ਦਾ ਮਤਲਬ ਹੋਵੇਗਾ ਸੇਵਾ/ਵਾਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਮੁਹੱਈਆ ਕਰਨ ਜਾਂ ਟੀਟੀਐੱਲ ਦੀਆਂ ਹੇਠਾਂ ਦਿੱਤੀਆਂ ਜ਼ਿੰਮੇਵਾਰੀਆਂ ਨਿਭਾਉਣ ਜਾਂ ਟੀਟੀਐੱਲ ਦੇ ਹੇਠਾਂ ਦਿੱਤੇ ਹੱਕਾਂ ਉੱਤੇ ਅਮਲ ਕਰਨ ਲਈ ਟੀਟੀਐੱਲ ਦੁਆਰਾ ਮਨੋਨੀਤ ਕੋਈ ਵੀ ਵਿਅਕਤੀ ਜਾਂ ਕਾਨੂੰਨੀ ਹਸਤੀ ਅਤੇ ਇਨ੍ਹਾਂ ਵਿਚ ਅਜਿਹੇ ਵਿਅਕਤੀ ਜਾਂ ਕਾਨੂੰਨੀ ਹਸਤੀ ਦੇ ਲਸੰਸ ਅਧੀਨ ਇਜ਼ਾਜ਼ਤ ਦਿੱਤੀ ਸੀਮਾ ਤਕ ਵਾਰਸ ਅਤੇ ਮੁਤਵੱਲੀ ਸ਼ਾਮਲ ਹੋਣਗੇ।

ਸ) ''ਡੀਓਟੀ'' ਤਾਂ ਮਤਲਬ ਦੂਰ-ਸੰਚਾਰ ਮਹਿਕਮਾ,ਸੰਚਾਰ ਮੰਤਰਾਲਾ, ਭਾਰਤ ਸਰਕਾਰ ਅਤੇ ਇਸ ਵਿਚ ਇਸ ਦੇ ਹਿਤਬੱਧ ਵਾਰਸ ਸ਼ਾਮਲ ਹਨ।

ਹ) ''ਉਪਕਰਣ'' ਵਿਚ ਕੋਈ ਵੀ ਫ਼ੋਨ ਉਪਕਰਣ, ਗਾਹਕ ਦਾ ਟਰਮੀਨਲ, ਨੈੱਟਵਰਕ ਇੰਟਰਫੇਸ ਯੂਨਿਟ (ਐੱਨਆਈਯੂ) ਅਤੇ ਸੇਵਾ/ਵਾਂ ਦਾ ਲਾਭ ਉਠਾਉਣ ਲਈ ਇਨ੍ਹਾਂ ਨੂੰ ਨੈੱਟਵਰਕ ਨਾਲ ਜੋੜਨ ਵਾਸਤੇ ਜ਼ਰੂਰੀ ਕੋਈ ਵੀ ਚੀਜ਼/ਐਕਸੈਸਰੀ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਸ਼ਾਮਲ ਹੋਵੇਗਾ।

ਕ) ''ਸਰਕਾਰ''ਦਾ ਮਤਲਬ, ਮਾਮਲੇ ਅਨੁਸਾਰ ਭਾਰਤ ਸਰਕਾਰ ਅਤੇ/ਜਾਂ ਸੂਬਾ ਸਰਕਾਰ, ਕੋਈ ਸਥਾਨਕ ਅਧਿਕਾਰੀ, ਕੈਨਟੋਨਮੈਂਟ ਬੋਰਡ, ਟੈਲੀਕੌਮ ਰੈਗੂਲੇਟਰੀ ਔਥਾਰਿਟੀ ਆਫ਼ ਇੰਡੀਆ, ਅਦਾਲਤਾਂ ਜਾਂ ਅਦਾਲਤੀ/ ਨੀਮ-ਅਦਾਲਤੀ ਫੋਰਮ ਹੈ ਅਤੇ ਇਸ ਵਿਚ ਉਨ੍ਹਾਂ ਦੇ ਹਿਤਬੱਧ ਵਾਰਸ ਸ਼ਾਮਲ ਹੋਣਗੇ।

ਖ) ''ਲਸੰਸ'' ਮਤਲਬ ਸੇਵਾ/ਵਾਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਲਗਾਉਣ ਅਤੇ ਚਲਾਉਣ ਦਾ ਡੀਓਟੀ ਦੁਆਰਾ ਮਨਜ਼ੂਰ ਕੀਤਾ ਲਸੰਸ।

ਗ) ''ਨੈੱਟਵਰਕ'' ਦਾ ਮਤਲਬ ਹੈ ਟੀਟੀਐੱਲ ਦੁਆਰਾ ਸੇਵਾ/ਵਾਂ ਮੁਹੱਈਆ ਕਰਨ ਲਈ ਵਰਤਿਆ ਸੰਚਾਰ ਨੈੱਟਵਰਕ ਅਤੇ ਹੋਰ ਔਜ਼ਾਰ/ਸਾਫ਼ਟਵੇਅਰ ਅਤੇ ਇਨ੍ਹਾਂ ਵਿਚ ਟੈਲੀਫ਼ੋਨ ਐਕਸਚੇਂਜ, ਬੇਸ ਸਟੇਸ਼ਨ, ਮਾਈਕ੍ਰੋਵੇਵ ਅਤੇ ਲੈਂਡ-ਲਾਈਨ ਸੰਪਰਕ ਸ਼ਾਮਲ ਹੋਣਗੇ।

ਘ) ''ਹੋਰ ਸੇਵਾ/ਵਾਂ'' ਮਤਲਬ ਕੋਈ ਵੀ ਹੋਰ ਸੇਵਾ/ਵਾਂ, ਜੋ ਸੇਵਾ/ਵਾਂ ਨਾਲ ਵਾਧੂ ਹੋਵੇ/ਹੋਣ, ਪਰ ਸਾਮੱਗਰੀ ਅਤੇ, ਡੇਟਾ ਸੇਵਾ/ਵਾਂ, ਬਿੱਲਿੰਗ ਅਤੇ ਵਸੂਲੀ ਤਕ ਹੀ ਸੀਮਤ ਨਾ ਹੋਵੇ/ਹੋਣ।

ਙ) ''ਸੇਵਾ/ਵਾਂ'' ਮਤਲਬ ਟੀਟਐੱਲ ਦੁਆਰਾ ਆਪਣੇ ਨੈੱਟਵਰਕ ਰਾਹੀਂ ਮੁਹੱਈਆ ਕੀਤੀਆਂ ਸਾਰੀਆਂ ਦੂਰ-ਸੰਚਾਰ ਸੇਵਾ/ਵਾਂ ਅਤੇ ਹੋਰ ਵੈਲਿਊ ਐਡਿਡ ਸੇਵਾ/ਵਾਂ, ਜਿਨ੍ਹਾਂ ਵਿਚ ਆਵਾਜ਼-ਸੰਚਾਰ ਸੇਵਾ/ਵਾਂ, ਐੱਸਐੱਮਐੱਸ ਅਤੇ ਕੋਈ ਵੀ ਹੋਰ ਸੇਵਾ/ਵਾਂ ਸ਼ਾਮਲ ਹੈ/ਹਨ।

ਚ) ''ਸੇਵਾ ਖੇਤਰ'' ਦਾ ਮਤਲਬ ਹੈ ਉਹ ਭੂਗੋਲਿਕ ਇਲਾਕਾ, ਜਿਸ ਵਿਚ ਲਸੰਸ ਅਧੀਨ ਟੀਟੀਐੱਲ ਨੂੰ ਸੇਵਾ/ਵਾਂ ਮੁਹੱਈਆ ਕਰਨ ਦੀ ਇਜ਼ਾਜ਼ਤ ਦਿੱਤੀ ਗਈ ਹੈ।

ਛ) ''ਟੀਟੀਐੱਲ'' ਦਾ ਮਤਲਬ ਹੋਵੇਗਾ ਟੀਟੀਐੱਸਐੱਲ ਅਤੇ ਟੀਟੀਐੱਮਐੱਲ ਅਤੇ ਮਨੋਨੀਤ ਸੇਵਾ-ਪ੍ਰਦਾਤਾ, ਸਾਂਝੇ ਤੌਰ ਤੇ ਅਤੇ ਵੱਖ ਵੱਖ (ਜਿਸ ਸੰਦਰਭ ਵਿਚ ਇਹ ਵਰਤਿਆ ਜਾਂਦਾ ਹੈ, ਉਸ ਦੇ ਅਨੁਸਾਰ) ਅਤੇ ਇਸ ਵਿਚ ਟੀਟੀਐੱਸਐੱਲ ਅਤੇ/ਜਾਂ ਟੀਟੀਐੱਮਐੱਲ ਅਤੇ/ਜਾਂ ਮਨੋਨੀਤ ਸੇਵਾ-ਪ੍ਰਦਾਤਾ ਦੇ ਹਿਤਬੱਧ ਵਾਰਸ ਅਤੇ ਮੁਤਵੱਲੀ ਵੀ ਸ਼ਾਮਲ ਮੰਨੇ ਜਾਣਗੇ।

ਜ) ''ਟੀਆਰਏਆਈ'' ਮਤਲਬ ਟੈਲੀਕੌਮ ਰੈਗੂਲੇਟਰੀ ਔਥਾਰਿਟੀ ਆਫ਼ ਇੰਡੀਆ ਐਕਟ, 1997 ਅਧੀਨ ਸਥਾਪਿਤ ਟੈਲੀਕੌਮ ਰੈਗੂਲੇਟਰੀ ਔਥਾਰਿਟੀ ਆਫ਼ ਇੰਡੀਆ।

ਝ) ''ਟੀਟੀਓ'' ਮਲਤਬ ਟੀਆਰਏਆਈ ਦੁਆਰਾ ਭਾਰਤ ਦੀ ਸਰਕਾਰੀ ਗਜ਼ਟ ਵਿਚ ਐਲਾਨਿਆ ਅਤੇ ਛਾਪਿਆ, ਸਮੇਂ-ਸਮੇਂ ਤੇ ਸੋਧਿਆ ਟੈਲੀਕਮਿਊਨੀਕੇਸ਼ਨ ਟੈਰਿਫ਼ ਆਰਡਰ, 1999।

### 2. ਸੇਵਾ/ਵਾਂ ਮੁਹੱਈਆ ਕਰਨਾ

ਟੀਟੀਐੱਲ ਸੇਵਾ ਖੇਤਰ ਵਿਚ ਹੇਠਾਂ ਲਿਖੇ ਅਧੀਨ ਗਾਹਕ ਨੂੰ ਸੇਵਾ/ਵਾਂ ਮੁਹੱਈਆ ਕਰਨ ਲਈ ਪੂਰੀ ਵਾਹ ਲਾਵੇਗੀ

ੳ) ਇਨ੍ਹਾਂ ਨਿਯਮਾਂ ਅਤ ਸ਼ਰਤਾਂ ਅਧੀਨ

ਅ) ਲਸੰਸ ਦੀਆਂ ਸ਼ਰਤਾਂ ਅਧੀਨ

ੲ) ਡੀਓਟੀ, ਟੀਆਰਏਆਈ, ਸਰਕਾਰ, ਅਦਾਲਤਾਂ, ਅਦਾਲਤੀ ਫੋਰਮਾਂ ਅਤੇ ਦੂਜੇ ਸੰਵਿਧਾਨਕ ਅਧਿਕਾਰੀਆਂ ਦੁਆਰਾ ਸਮੇਂ-ਸਮੇਂ ਤੇ ਜਾਰੀ ਕਿਸੇ ਵੀ ਹਿਦਾਇਤ ਜਾਂ ਹੁਕਮ ਜਾਂ ਕਾਇਦੇ ਅਧੀਨ,ਅਤੇ

ਸ) ਨੈੱਟਵਰਕ ਦੇ ਸੰਚਾਲਨ ਅਤੇ ਦੇਖਭਾਲ ਅਤੇ ਸੇਵਾ/ਵਾਂ ਮੁਹੱਈਆ ਕਰਨ ਨਾਲ ਸਬੰਧਿਤ ਟੀਟੀਐੱਲ ਦੁਆਰਾ ਸਮੇਂ-ਸਮੇਂ ਤੇ ਅਪਣਾਈ ਕਿਸੇ ਨੀਤੀ ਅਤੇ/ਜਾਂ ਨਿਯਮਾਂ/ਕਾਇਦਿਆਂ ਅਧੀਨ। ਨਾਲ ਦਿੱਤੇ ਗਾਹਕ ਅਰਜ਼ੀ ਫ਼ਾਰਮ ਦੁਆਰਾ ਗਾਹਕ ਦੀ ਸੇਵਾ/ਵਾਂ ਦੀ ਸਹੂਲਤ ਲਈ ਕੀਤੀ ਅਰਜ਼ੀ ਨੂੰ ਆਪਣੇ ਵਿਵੇਕਪੂਰਨ ਫ਼ੈਸਲੇ ਅਨੁਸਾਰ ਸਵੀਕਾਰ ਜਾਂ ਰੱਦ ਕਰਨ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ। ਟੀਟੀਐੱਲ ਗਾਹਕ ਨੂੰ ਇਹ ਅਰਜ਼ੀ ਸਵੀਕਾਰ ਕਰਨ ਦੀ ਜਾਣਕਾਰੀ ਮੂੰਹ-ਜ਼ੁਬਾਨੀ ਦੇਵੇਗੀ।

### 3. ਸੇਵਾ ਦੀਆਂ ਸ਼ਰਤਾਂ

ੳ) ਸੇਵਾ/ਵਾਂ ਦਾ ਮਿਲਣਾ, ਸਹੀ ਹੋਣਾ ਅਤੇ ਮਿਆਰ ਅਜਿਹੇ ਤੱਤਾਂ ਦੁਆਰਾ ਪ੍ਰਭਾਵਿਤ ਹੋ ਸਕਦਾ ਹੈ, ਜੋ ਟੀਟੀਐੱਲ ਦੇ ਵੱਸ ਤੋਂ ਬਾਹਰ ਹੋਣ। ਇਨ੍ਹਾਂ ਵਿਚ ਸ਼ਾਮਲ ਹਨ ਕਿਸੇ ਚੀਜ਼ ਦੁਆਰਾ ਰੁਕਾਵਟ, ਨੈੱਟਵਰਕ ਦਾ ਮਿਲਣਾ ਜਾਂ ਕੰਮ ਕਰਨਾ,ਭੂਗੋਲਿਕ ਹਾਲਤਾਂ, ਸਥਾਨ ਦਾ ਖਾਕਾ,ਮੌਸਮ ਅਤੇ ਪ੍ਰਸਾਰਨ ਵਿਚ ਰੁਕਾਵਟ ਦੇ ਹੋਰ ਕਾਰਨ ਜਾਂ ਨੈੱਟਵਰਕ ਨਾਲ ਜੁੜੇ ਦੂਜੇ ਦੂਰ-ਸੰਚਾਰ ਨੈੱਟਵਰਕਾਂ ਵਿਚ ਬਿਜਲੀ ਨਾ ਹੋਣੀ, ਖ਼ਰਾਬੀਆਂ ਜਾਂ ਸੋਧਾਂ, ਨੈੱਟਵਰਕ ਨਾ ਮਿਲਣਾ ਜਾਂ ਸਹੀ ਢੰਗ ਨਾਲ ਮਿਲਣ ਵਿਚ ਦੇਰ ਅਤੇ ਉਪਕਰਣ ਦਾ ਨੁਕਸਾਨ ਜਾਂ ਸੋਧਾਂ, ਪਰ ਇਹ ਇਨ੍ਹਾਂ ਤਕ ਹੀ ਸੀਮਤ ਨਹੀਂ ਹਨ।



ਅ) ਜੇ ਨੈੱਟਵਰਕ ਖ਼ਰਾਬ ਹੋ ਜਾਵੇ ਜਾਂ ਇਸ ਵਿਚ ਸੋਧ ਜਾਂ ਦੇਖਭਾਲ ਕਰਨ ਦੀ ਲੋੜ ਹੋਵੇ, ਤਾਂ ਕਿਸੇ ਵੀ ਵੇਲੇ, ਬਿਨਾਂ ਸੂਚਨਾ ਦਿੱਤੇ ਪੂਰੀਆਂ ਜਾਂ ਆਂਸ਼ਿਕ ਸੇਵਾ/ਵਾਂ ਮੁਲਤਵੀ ਕੀਤੀਆਂ ਜਾ ਸਕਦੀਆਂ ਹਨ। ਟੀਟੀਐੱਲ ਹਰ ਸੰਭਵ ਯਤਨ ਕਰੇਗੀ ਕਿ ਅਜਿਹੀਆਂ ਘਟਨਾਵਾਂ ਘੱਟ ਤੋਂ ਘੱਟ ਵਾਰੀ ਅਤੇ ਘੱਟ ਤੋਂ ਘੱਟ ਸਮੇਂ ਲਈ ਹੋਣ।

ੲ) ਫ਼ੋਨ ਨੰਬਰ ਟੀਟੀਐੱਲ ਦੁਆਰਾ ਨਿਰੋਲ ਆਪਣੇ ਵਿਵੇਕਪੂਰਨ ਫ਼ੈਸਲੇ ਅਨੁਸਾਰ ਦਿੱਤੇ ਜਾਣਗੇ ਅਤੇ ਸਮੇਂ ਸਮੇਂ ਤੇ ਬਦਲੇ ਜਾ ਸਕਣਗੇ। ਗਾਹਕ ਨੂੰ ਦਿੱਤੇ ਗਏ ਨੰਬਰ ਉੱਤੇ ਉਸ ਦਾ ਕੋਈ ਮਾਲਕੀ ਹੱਕ ਜਾਂ ਹੋਰ ਹਿਤ ਨਹੀਂ ਹੋਵੇਗਾ।

ਸ) ਉਪਕਰਣ ਗੁਆਚ ਜਾਣ ਦੇ ਮਾਮਲੇ ਵਿਚ ਟੀਟੀਐੱਲ ਉਹੀ ਨੰਬਰ ਮੁਹੱਈਆ ਕਰਨ ਲਈ ਜ਼ਿੰਮੇਵਾਰ ਨਹੀਂ ਹੋਵੇਗੀ।

ਹ) ਕਿਸੇ ਵੀ ਵੇਲੇ, ਗਾਹਕ ਨੂੰ ਵਾਜਬ ਸੂਚਨਾ ਦੇ ਕੇ/ਅਜਿਹੇ ਹਰੀਕੇ ਨਾਲ ਭੇਜ ਕੇ, ਜੋ ਟੀਟੀਐੱਲ ਨੂੰ ਸਹੀ ਲੱਗੇ, ਖ਼ਰਚਿਆਂ ਵਿਚ ਸੋਧ ਕਰਨ ਦਾ ਨਿਰੋਲ ਹੱਕ ਅਤੇ ਵਿਵੇਕਪੂਰਨ ਫ਼ੈਸਲਾ ਟੀਟੀਐੱਲ ਕੋਲ ਰਾਖਵਾਂ ਹੈ।

ਕ) ਗਾਹਕ ਦੁਆਰਾ ਕੀਤੇ ਖ਼ਰਚਿਆਂ ਲਈ ਇਕ ਕ੍ਰੈਡਿਟ ਸੀਮਾ ਲਾਗੂ ਕਰਨ ਅਤੇ ਹੋਰ ਸ਼ਰਤਾਂ ਤੈਅ ਕਰਨ ਅਤੇ ਅੰਤਰਿਮ (ਆਰਜ਼ੀ)ਜਾਂ ਪੇਸ਼ਗੀ ਅਦਾਇਗੀ ਜਾਂ ਡਿਪਾਜ਼ਿਟ/ਵਧੀਕ ਡਿਪਾਜ਼ਟ ਦੀ ਮੰਗ ਕਰਨ ਅਤੇ ਅਜਿਹੀ ਸੀਮਾ ਪਾਰ ਕਰਨ ਜਾਂ ਅਜਿਹੀਆਂ ਸ਼ਰਤਾਂ ਪੂਰੀਆਂ ਨਾ ਕਰਨ ਦੇ ਮਾਮਲੇ ਵਿਚ ਸੇਵਾ/ਵਾਂ ਮੁਲਤਵੀ ਕਰਨ ਜਾਂ ਕੱਟਣ ਬੰਦ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ।

ਖ) ਸਮੇਂ-ਸਮੇਂ ਤੇ ਖ਼ਰਚਿਆਂ ਦਾ ਬਿੱਲ ਸਾਈਕਲ ਬਦਲੀ ਕਰਨ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ (ਇਹ ਸ਼ਰਤ ਪ੍ਰੀਪੇਡ ਸੇਵਾਵਾਂ ਉੱਤੇ ਲਾਗੂ ਨਹੀਂ)।

ਗ) ਗਾਹਕ ਦੀ ਮਾਲੀ ਹੈਸੀਅਤ ਸਮੇਤ ਗਾਹਕ ਦੀ ਭਰੋਸੇਯੋਗਤਾ ਦੀ ਜਾਂਚ ਕਰਨ ਅਤੇ ਅਜਿਹੇ ਮਕਸਦ ਲਈ ਕਿਸੇ ਵਿਅਕਤੀ ਜਾਂ ਏਜੰਸੀ ਦੀਆਂ ਸੇਵਾਵਾਂ ਦਾ ਲਾਭ ਉਠਾਉਣ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ। ਟੀਟੀਐੱਲ ਦੁਆਰਾ ਸੇਵਾ/ਵਾਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਮੁਹੱਈਆ ਕਰਨ ਦੀ ਜ਼ਿੰਮੇਵਾਰੀ ਹਮੇਸ਼ਾ ਗਾਹਕ ਦੀ ਭਰੋਸੇਯੋਗਤਾ ਅਤੇ ਦਸਤਾਵੇਜ਼ਾਂ ਦੀ ਤਸਦੀਕ ਅਧੀਨ ਹੋਵੇਗੀ ਅਤੇ ਜੇ ਕਿਸੇ ਵੀ ਵੇਲੇ ਕੋਈ ਵੀ ਜਾਣਕਾਰੀ ਅਤੇ/ਜਾਂ ਗਾਹਕ ਦੇ ਜਮ੍ਹਾ ਕਰਵਾਏ ਦਸਤਾਵੇਜ਼ ਗ਼ਲਤ ਜਾਂ ਅਧੂਰੇ ਜਾਂ ਸ਼ੱਕੀ ਪਾਏ ਗਏ, ਤਾਂ ਟੀਟੀਐੱਲ ਬਿਨਾਂ ਕੋਈ ਸੂਚਨਾ ਦਿੱਤੇ ਤੁਰੰਤ ਸੇਵਾ/ਵਾਂ ਮੁਲਤਵੀ/ਖ਼ਤਮ ਕਰਨ ਦੀ ਹੱਕਦਾਰ ਹੋਵੇਗੀ।

ਘ) ਗਾਹਕ ਦੁਆਰਾ ਇਨ੍ਹਾਂ ਵਿਚੋਂ ਕਿਸੇ ਵੀ ਨਿਯਮ ਅਤੇ ਸ਼ਰਤ ਦਾ ਉਲੰਘਣ ਕਰਨ ਦੇ ਮਾਮਲੇ ਵਿਚ (ਖ਼ਰਚਿਆਂ ਦੀ ਅਦਾਇਗੀ ਨਾ ਕਰਨ ਅਤੇ ਆਪਣਾ ਬਕਾਇਆ ਚੁਕਾਉਣ ਲਈ ਗਾਹਕ ਦੁਆਰਾ ਜਮ੍ਹਾ ਕਰਵਾਏ ਅਦਾਇਗੀ ਦਸਤਾਵੇਜ਼ ਦੇ ਨਕਾਰੇ ਜਾਣ ਸਮੇਤ) ਢੁੱਕਵੀਂ ਕਾਨੂੰਨੀ ਕਾਰਵਾਈ ਕਰਨ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ।

ਙ) ਟੀਟੀਐੱਲ ਦੁਆਰਾ ਗਾਹਕ ਨੂੰ ਦਿੱਤੀ ਕੋਈ ਵੀ ਛੋਟ, ਰਿਆਇਤ ਜਾਂ ਵਾਧੂ ਸਮੇਂ ਦੀ ਇਜਾਜ਼ਤ ਜਾਂ ਮਨਜ਼ੂਰੀ ਅਜਿਹੇ ਖ਼ਾਸ ਹਾਲਾਤਾਂ ਤਕ ਹੀ ਸੀਮਤ ਹੋਵੇਗੀ, ਜਿਨ੍ਹਾਂ ਵਿਚ ਇਹ ਦਿੱਤੀ ਗਈ ਸੀ ਅਤੇ ਇਹ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਟੀਟੀਐੱਲ ਦੇ ਹੱਕਾਂ ਨੂੰ ਪ੍ਰਭਾਵਿਤ ਨਹੀਂ ਕਰੇਗੀ।

ਚ)ਜੇ ਕਿਸੇ ਸੰਵਿਧਾਨਕ ਅਧਿਕਾਰੀ ਜਾਂ ਅਦਾਲਤੀ ਫੋਰਮ ਦੁਆਰਾ ਹਿਦਾਇਤ ਦਿੱਤੀ ਗਈ ਹੋਵੇ ਜਾਂ ਕੋਈ ਵੀ ਕਾਰਨ ਦੱਸੇ ਬਿਨਾਂ ਟੀਟੀਐੱਲ ਬਿਨਾਂ ਕੋਈ ਸੂਚਨਾ ਦਿੱਤੇ, ਕਿਸੇ ਵੀ ਵੇਲੇ ਪੂਰੀ ਜਾਂ ਆਂਸ਼ਿਕ ਸੇਵਾ/ਵਾਂ ਨਾਮਨਜ਼ੂਰ, ਛਾਂਟ, ਸੋਧ, ਮੁਲਤਵੀ, ਕੱਟ ਜਾਂ ਖ਼ਤਮ ਕਰ ਸਕਦੀ ਹੈ।

ਛ) ਟੀਟੀਐੱਲ ਲਸੰਸ ਅਧੀਨ ਮਿਲੀ ਇਜਾਜ਼ਤ ਦੀ ਹੱਦ ਤਕ, ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਉੱਤੇ ਅਮਲ ਕਰਨ ਤੋਂ ਪੈਦਾ ਹੋਣ ਵਾਲੀਆਂ ਟੀਟੀਐੱਲ ਦੀਆਂ ਜ਼ਿੰਮੇਵਾਰੀਆਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਨਿਭਾਉਣ ਅਤੇ/ਜਾਂ ਹੱਕਾਂ ਦੀ ਵਰਤੋਂ ਕਰਨ ਲਈ (ਜਾਂ ਇਨ੍ਹਾਂ ਵਿਚੋਂ ਕਿਸੇ ਦੀ ਵੀ) ਕਿਸੇ ਤੀਜੀ ਧਿਰ ਨੂੰ ਮਨੋਨੀਤ ਕਰਨ ਦੀ ਹੱਕਦਾਰ ਹੋਵੇਗੀ। ਟੀਟੀਐੱਲ ਗਾਹਕ ਦੀ ਸਹਿਮਤੀ ਲੈਣ ਜਾਂ ਕੋਈ ਸੂਚਨਾ ਦੇਣ ਤੋ ਬਿਨਾਂ ਕਿਸੇ ਵੀ ਵੇਲੇ ਆਪਣੇ ਹੇਠਾਂ ਲਿਖੇ ਹੱਕ ਅਤੇ/ਜਾਂ ਜ਼ਿੰਮੇਵਾਰੀਆਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਕਿਸੇ ਤੀਜੀ ਧਿਰ ਨੂੰ ਸੌਂਪਣ ਲਈ ਹੱਕਦਾਰ ਹੋਵੇਗੀ।

ਜ) ਗਾਹਕ ਨੂੰ ਸੂਚਨਾ ਦਿੱਤੇ ਬਿਨਾਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ (ਜਾਂ ਇਨ੍ਹਾਂ ਵਿਚੋਂ ਕਿਸੇ ਇਕ) ਦੀ ਆਪਣੇ ਵਿਵੇਕਪੂਰਨ ਫ਼ੈਸਲੇ ਅਨੁਸਾਰ ਸਮੇਂ ਸਮੇਂ ਤੇ ਸੋਧ ਕਰਨ ਅਤੇ/ਜਾਂ ਵਧੀਕ ਸ਼ਰਤਾਂ ਦਾ ਵੱਖਰੇ ਤੌਰ ਤੇ ਜ਼ਿਕਰ ਕਰਨ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ।

ਝ) ਗਾਹਕ ਦੁਆਰਾ ਟੀਟੀਐੱਲ ਨੂੰ ਦਿੱਤੀ ਜਾਂ ਟੀਟੀਐੱਲ ਦੀ ਆਪਣੇ ਤੌਰ ਤੇ ਇਕੱਠੀ ਕੀਤੀ ਕੋਈ ਵੀ ਅਤੇ ਹਰ ਜਾਣਕਾਰੀ (ਗਾਹਕ ਜਾਂ ਉਸ ਦੇ ਕਾਰੋਬਾਰ ਨਾਲ ਸਬੰਧਿਤ ਜਾਣਕਾਰੀ ਸਮੇਤ) ਟੀਟਐੱਲ ਦੁਆਰਾ ਕਿਸੇ ਸੰਵਿਧਾਨਕ ਅਧਿਕਾਰੀ ਜਾਂ ਕਿਸੇ ਵੀ ਹੋਰ ਹਸਤੀ/ਵਿਅਕਤੀ ਕੋਲ ਪ੍ਰਗਟ ਕੀਤੀ ਜਾ ਸਕਦੀ ਹੈ, ਭਾਵੇਂ ਟੀਟੀਐੱਲ ਗਾਹਕ ਨੂੰ ਸੇਵਾ/ਵਾਂ ਮੁਹੱਈਆ ਕਰਦੀ ਹੈ ਜਾਂ ਨਹੀਂ।

ਞ) ਗਾਹਕ ਦੇ ਡਿਪਾਜ਼ਿਟਾਂ/ਅਦਾਇਗੀਆਂ ਵਿਚੋਂ ਟੀਟੀਐੱਲ ਕਿਸੇ ਵੀ ਖ਼ਰਚੇ ਦਾ ਬਕਾਇਆ ਕੱਟਣ/ਬਰਾਬਰ ਕਰਨ ਦੀ ਹੱਕਦਾਰ ਹੋਵੇਗੀ। ਇਸੇ ਤਰ੍ਹਾਂ ਟੀਟੀਐੱਲ ਦੁਆਰਾ ਗਾਹਕ ਨੂੰ ਅਦਾ ਕਰਨ/ਰਿਫ਼ੰਡ ਦੇਣ ਵਾਲੀ ਕਿਸੇ ਵੀ ਰਕਮ ਨੂੰ ਟੀਟੀਐੱਲ ਕਿਸੇ ਅਜਿਹੀ ਰਕਮ ਵਿਚੋਂ ਕੱਟਣ/ਬਰਾਬਰ ਕਰਨ ਦੀ ਹੱਕਦਾਰ ਹੋਵੇਗੀ, ਜਿਹੜੀ ਟੀਟੀਐੱਲ ਦੇ ਵਿਚਾਰ ਅਨੁਸਾਰ, ਗਾਹਕ ਨੇ ਸੇਵਾਵਾਂ ਲਈ ਜਾਂ ਕਿਸੇ ਵੀ ਹੋਰ ਖਾਤੇ ਵਿਚੋਂ ਉਸ ਨੂੰ ਦੇਣੀ ਹੈ। ਰਕਮ ਕੱਟਣ/ਬਰਾਬਰ ਕਰਨ ਦੀ ਅਜਿਹੀ ਕਾਰਵਾਈ ਕਿਸੇ ਡਿਪਾਜ਼ਿਟ/ ਵਧੀਕ ਡਿਪਾਜ਼ਿਟ/ਪੇਸ਼ਗੀ ਵਿਚੋਂ ਕਟੌਤੀ ਅਤੇ/ਜਾਂ ਜ਼ਬਤੀ ਦੁਆਰਾ ਅਤੇ/ਜਾਂ ਕਿਸੇ ਹੋਰ ਅਜਿਹੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ, ਜੋ ਟੀਟੀਐੱਲ ਨੂੰ ਨਿਰੋਲ ਆਪਣੇ ਵਿਵੇਕਪੂਰਨ ਫ਼ੈਸਲੇ ਅਨੁਸਾਰ ਸਹੀ ਲੱਗੇ।

ਟ) ਟੀਟੀਐੱਲ ਨੇ ਐੱਮਟੀਐੱਨਐੱਲ/ਬੀਐੱਸਐੱਨਐੱਲ ਅਤੇ/ਜਾਂ ਦੂਜੇ ਟੈਲੀਕੌਮ ਸੇਵਾ-ਪ੍ਰਦਾਤਾਵਾਂ ਨਾਲ ਆਪਸੀ ਸਮਝੌਤੇ ਉੱਤੇ ਦਸਤਖ਼ਤ ਕੀਤੇ ਹਨ/ਦਸਤਖ਼ਤ ਕਰਨੇ ਹਨ, ਜਿਸ ਅਨੁਸਾਰ ਟੀਟੀਐੱਲ ਅਜਿਹੇ ਕਿਸੇ ਵਿਅਕਤੀ ਨੂੰ ਨਵਾਂ ਕਨੈਕਸ਼ਨ ਨਹੀਂ ਦੇਵੇਗੀ,ਜਿਸ ਨੇ ਕਿਸੇ ਦੂਜੇ ਸੇਵਾ ਪ੍ਰਦਾਤਾ ਦੇ ਪੈਸੇ ਦੇਣੇ ਹਨ ਅਤੇ ਜਿਸ ਦੀ ਲਾਈਨ ਅਜਿਹੇ ਦੂਜੇ ਸੇਵਾ ਪ੍ਰਦਾਤਾ ਦੁਆਰਾ ਬੰਦ ਕੀਤੀ ਗਈ ਹੈ। ਜੇ ਅਜਿਹਾ ਵਿਅਕਤੀ ਪਹਿਲਾਂ ਹੀ ਟੀਟੀਐੱਲ ਦਾ ਗਾਹਕ ਹੈ, ਤਾਂ ਅਜਿਹੇ ਦੂਜੇ ਸੇਵਾ-ਪ੍ਰਦਾਤਾ ਦੁਆਰਾ ਬੇਨਤੀ ਕੀਤੇ ਜਾਣ ਤੇ ਟੀਟੀਐੱਲ ਨੂੰ ਅਜਿਹੇ ਗਾਹਕ ਦੀਆਂ

ਸੇਵਾ/ਵਾਂ ਦੀ ਸਹੂਲਤ ਖ਼ਤਮ ਕਰਨੀ ਪਵੇਗੀ, ਭਾਵੇਂ ਅਜਿਹਾ ਗਾਹਕ ਟੀਟੀਐੱਲ ਦੇ ਖ਼ਰਚੇ ਬਾਕਾਇਦਾ ਭਰਦਾ ਰਿਹਾ ਹੋਵੇ ਅਤੇ ਓਦਾਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਉੱਤੇ ਅਮਲ ਕਰਦਾ ਰਿਹਾ ਹੋਵੇ। ਪਰ ਉੱਪਰ ਦੱਸੇ ਅਨੁਸਾਰ ਸੇਵਾਵਾਂ ਖ਼ਤਮ ਕਰਨ/ਬੰਦ ਕਰਨ ਦੇ ਮਾਮਲੇ ਵਿਚ ਕਿਸੇ ਖ਼ਰਚੇ,ਨੁਕਸਾਨ ਜਾਂ ਘਾਟੇ ਲਈ ਟੀਟੀਐੱਲ ਦੇਣਦਾਰ ਨਹੀਂ ਹੋਵੇਗੀ।

ਠ) ਗਾਹਕ ਨੂੰ ਸੇਵਾ/ਵਾਂ ਦਾ ਲਾਭ ਉਠਾਉਣ ਲਈ ਵਰਤੇ ਜਾਂਦੇ/ਵਰਤੇ ਜਾਣ ਵਾਲੇ ਉਪਕਰਣ ਉੱਤੇ ਲੋਡ ਕੀਤੇ ਸਾਫ਼ਟਵੇਅਰ ਵਰਤਰ ਦੇ ਹਸਤਾਂਤਰਣ ਨਾ ਹੋ ਸਕਣ ਵਾਲੇ ਨਿੱਜੀ ਲਸੰਸ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਜਿਨ੍ਹਾਂ ਚਿਰ ਟੀਟੀਐੱਲ ਦੁਆਰਾ ਉਝ ਜ਼ਿਕਰ ਨਹੀਂ ਕੀਤਾ ਜਾਂਦਾ, ਉਨਾ ਚਿਰ ਲਸੰਸ ਰਾਇਲਟੀ ਮੁਕਤ ਹੋਵੇਗਾ ਅਤੇ ਨਿਰੋਲ ਟੀਟੀਐੱਲ ਦੇ ਵਿਵੇਕਪੂਰਨ ਫ਼ੈਸਲੇ ਅਨੁਸਾਰ ਤਦ ਰੱਦ ਕੀਤਾ ਜਾਵੇਗਾ, ਜੇ ਟੀਟੀਐੱਲ ਦੀ ਸਮਝ ਜਾਂ ਰਾਇ ਅਨੁਸਾਰ ਗਾਹਕ ਸੋਧ ਕਰਨ, ਖੋਲ੍ਹਣ, ਤੋੜਨ, ਵਿਗਾੜਨ, ਮਿਟਾਉਣ, ਡੀਕੋਡ ਕਰਨ, ਛੇੜਖਾਨੀ ਕਰਨ ਜਾਂ ਹੋਰ ਕਿਸੇ ਤਰਾਂ ਸਾਫ਼ਟਵੇਅਰ ਵਿਚ ਬਦਲੀ ਕਰਨ ਦੀ ਕੋਸ਼ਸ਼ ਕਰੇਗਾ ਜਾਂ ਸਚਮੁੱਚ ਇਹ ਕੰਮ ਕਰੇਗਾ ਜਾਂ ਫਿਰ ਜੇ ਗਾਹਕ ਇਨ੍ਹਾਂ ਵਿਚੋਂ ਕੋਈ ਵੀ ਨਿਯਮ ਜਾਂ ਸ਼ਰਤ ਤੋੜੇਗਾ ਹੈ।

ਡ. ਗਾਹਕ ਨੂੰ ਉਪਕਰਣ ਉੱਤੇ ਲੋਡ ਕੀਤੇ ਸਾਫ਼ਟਵੇਅਰ ਦੀ ਵਰਤੋਂ ਕੇਵਲ ਟੀਟੀਐੱਲ ਦੁਆਰਾ ਮੁਹੱਈਆ ਕੀਤੀਆਂ ਦੂਰ-ਸੰਚਾਰ ਸੇਵਾਵਾਂ ਦਾ ਲਾਭ ਉਠਾਉਣ ਲਈ ਕਰਨ ਦਾ ਹੱਕ ਹੋਵੇਗਾ ਅਤੇ ਕਿਸੇ ਵੀ ਹੋਰ ਮਕਸਦ ਲਈ ਉਸ ਦੀ ਵਰਤੋਂ ਦਾ ਹੱਕ ਨਹੀਂ ਹੋਵੇਗਾ (ਟੀਟੀਐੱਲ ਦੁਆਰਾ ਇਜਾਜ਼ਤ ਦਿੱਤੀਆਂ ਧਿਰਾਂ ਨੂੰ ਛੱਡ ਕੇ ਤੀਜੀਆਂ ਧਿਰਾਂ ਦੁਆਰਾ ਮੁਹੱਈਆ ਦੂਰ-ਸੰਚਾਰ ਸੇਵਾਵਾਂ ਦਾ ਲਾਭ ਉਠਾਉਣ ਸਮੇਤ)।

ਢ. ਅੰਦਰੂਨੀ ਗਾਹਕ ਖੰਡ ਮਾਪਦੰਡਾਂ ਦੇ ਆਧਾਰ ਉੱਤੇ ਬੈਟਰੀ ਬਦਲੀ ਕਰਨ ਦਾ ਖ਼ਰਚ ਲੈਣ ਦਾ ਹੱਕ ਟੀਟੀਐੱਲ ਕੋਲ ਰਾਖਵਾਂ ਹੈ, ਜੋ ਵੱਖ ਵੱਖ ਮਾਮਲਿਆਂ ਵਿਚ ਗਾਹਕ ਨੂੰ ਸਮਝਾਏ ਜਾਣਗੇ। ਸਾਰੀਆਂ ਵਾਕੀ ਬੈਟਰੀਆਂ ਦਾ ਖ਼ਰਚਾ ਵਸੂਲ ਕੀਤਾ ਜਾਵੇਗਾ ਅਤੇ ਇਹ ਵਾਰੰਟੀ ਅਧੀਨ ਨਹੀਂ ਹਨ। ਕਿਸੇ ਵੀ ਨੁਕਸ ਦੇ ਮਾਮਲੇ ਵਿਚ ਗਾਹਕਾਂ ਨੂੰ ਟਾਟਾ ਇੰਡੀਕੌਮ ਟੀਵੀਐੱਚ/ਟੀਵੀਐੱਸ ਤੋਂ ਬੈਟਰੀਆਂ ਖ਼ਰੀਦਣੀਆਂ ਪੈਣਗੀਆਂ।

**4. ਗਾਹਕ ਦੀਆਂ ਜ਼ਿੰਮੇਵਾਰੀਆਂ**

ੳ) ਗਾਹਕ ਹੇਠਾਂ ਲਿਖੇ ਆਧਾਰ ਉੱਤੇ ਸੇਵਾ/ਵਾਂ ਦੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਵੇਗਾ।

i. ਬਿੱਲ ਉੱਤੇ ਲਿਖੀ ਬਿੱਲ ਭਰਨ ਦੀ ਨਿਯਤ ਤਾਰੀਖ਼ ਤਕ ਜਾਂ ਪਹਿਲਾਂ ਅਦਾਇਗੀ ਕਰਨੀ ਹੋਵੇਗੀ। ਇੰਝ ਨਾ ਕਰਨ ਦੇ ਮਾਮਲੇ ਵਿਚ ਬਿੱਲ ਭਰਨ ਦੀ ਨਿਯਤ ਤਾਰੀਖ਼ ਤੋਂ ਲੈ ਕੇ ਬਿੱਲ ਭਰਨ ਦੀ ਤਾਰੀਖ਼ ਤਕ ਦੇ ਸਮੇਂ ਲਈ ਸਾਰੇ ਬਕਾਇਆ ਖ਼ਰਚਿਆਂ ਉੱਤੇ 18% ਸਾਲਾਨਾ ਤਕ ਵਿਆਜ ਅਤੇ/ਜਾਂ ਲੇਟ ਫ਼ੀਸ ਵਸੂਲ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਅਜਿਹੇ ਮਾਮਲੇ ਵਿਚ ਨਿਰੋਲ ਟੀਟੀਐੱਲ ਦੇ ਵਿਵੇਕਪੂਰਨ ਫ਼ੈਸਲੇ ਤੇ ਸੇਵਾ/ਵਾਂ (ਜਾਂ ਇਨ੍ਹਾਂ ਵਿਚੋਂ ਕੋਈ ਵੀ) ਮੁਲਤਵੀ/ਕੱਟ/ਖ਼ਤਮ ਕੀਤੀ ਜਾ ਸਕਦੀ ਹੈ।

ii. ਖ਼ਰਚਿਆਂ ਦੀ ਅਦਾਇਗੀ ਨਕਦ, ਕ੍ਰੈਡਿਟ ਕਾਰਡ, ਕ੍ਰੌਸ ਕੀਤੇ ਚੈੱਕ, ਕ੍ਰੌਸ ਕੀਤੇ ਡਿਮਾਂਡ ਡਰਾਫ਼ਟ ਜਾਂ ਟੀਟੀਐੱਲ ਦੁਆਰਾ ਸਮੇਂ-ਸਮੇਂ ਤੇ ਤੈਅ ਕੀਤੇ ਕਿਸੇ ਵੀ ਹੋਰ ਢੰਗ ਨਾਲ ਕੀਤੀ ਜਾ ਸਕਦੀ ਹੈ। ਚੈੱਕ ਰਾਹੀਂ ਕੀਤੀਆਂ ਅਦਾਇਗੀਆਂ ਚੈੱਕ ਸਕਾਰੇ ਜਾਣ ਤੇ ਲਾਗੂ ਹੋਣਗੀਆਂ। ਜਿੰਨਾ ਚਿਰ ਟੀਟੀਐੱਲ ਗਾਹਕ ਨੂੰ ਰਸੀਦ ਨਹੀਂ ਦੇ ਦਿੰਦੀ, ਇਹ ਨਕਦ ਜਾਂ ਅਦਾਇਗੀ ਦਸਤਾਵੇਜ਼ ਦੇ ਗੁਆਚ ਜਾਣ ਲਈ ਜ਼ਿੰਮੇਵਾਰ ਨਹੀਂ ਹੋਵੇਗੀ।

iii. ਗਾਹਕ ਦੁਆਰਾ ਜਮ੍ਹਾ ਕਰਵਾਏ ਕਿਸੇ ਵੀ ਅਦਾਇਗੀ ਦਸਤਾਵੇਜ਼ ਦੇ ਨਕਾਰੇ ਜਾਣ ਦੇ ਮਾਮਲੇ ਵਿਚ ਗਾਹਕ ਨੂੰ ਕਾਨੂੰਨੀ ਕਾਰਵਾਈ ਤੋਂ ਇਲਾਵਾ ਟੀਟੀਐੱਲ ਦੁਆਰਾ ਤੈਅ ਕੀਤੇ ਜੁਰਮਾਨੇ/ਫ਼ੀਸਾਂ ਦੇਣੀਆਂ ਪੈਣਗੀਆਂ।

iv. ਗਾਹਕ ਨੂੰ ਮੁਹੱਈਆ ਕੀਤੀ ਸੇਵਾ/ਵਾਂ ਦੇ ਸਾਰੇ ਖ਼ਰਚੇ ਦੇਣ ਲਈ ਗਾਹਕ ਜ਼ਿੰਮੇਵਾਰ ਹੋਵੇਗਾ। ਪੋਸਟ-ਪੇਡ ਗਾਹਕਾਂ ਲਈ ਟੀਟੀਐੱਲ ਦੁਆਰਾ ਬਿੱਲ ਕੀਤੇ ਜਾਂ ਤੈਅ ਕੀਤੇ ਖ਼ਰਚੇ ਉਸ ਨੂੰ ਦੇਣੇ ਪੈਣਗੇ, ਭਾਵੇਂ ਸੇਵਾ/ਵਾਂ ਦੀ ਵਰਤੋਂ ਗਾਹਕ ਦੁਆਰਾ ਕੀਤੀ ਗਈ ਹੋਵੇ ਜਾਂ ਗਾਹਕ ਦੀ ਜਾਣਕਾਰੀ ਜਾਂ ਬਿਨਾਂ ਜਾਣਕਾਰੀ ਦੇ ਗਾਹਕ ਦੇ ਫ਼ੋਨ/ਫ਼ੋਨ ਕਨੈਕਸ਼ਨ ਤੋਂ ਕਿਸੇ ਹੋਰ ਨੇ ਕੀਤੀ ਹੋਵੇ।

v. ਖ਼ਰਚਿਆਂ ਬਾਰੇ ਕਿਸੇ ਵੀ ਰੌਲੇ ਦੇ ਮਾਮਲੇ ਵਿਚ, ਅਜਿਹੇ ਰੌਲੇ ਦਾ ਫ਼ੈਸਲਾ ਹੋਣ ਦੀ ਉਡੀਕ ਕੀਤੇ ਬਿਨਾਂ ਗਾਹਕ ਟੀਟੀਐੱਲ ਦੁਆਰਾ ਬਿੱਲ ਕੀਤੇ ਖ਼ਰਚੇ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ।

vi. ਪੋਸਟ-ਪੇਡ ਗਾਹਕ ਨੂੰ ਭਾਵੇਂ ਬਿੱਲ ਨਾ ਵੀ ਮਿਲਿਆ ਹੋਵੇ, ਤਾਂ ਵੀ ਉਹ ਮੁਹੱਈਆ ਕੀਤੀ ਸੇਵਾ/ਵਾਂ ਲਈ ਪੈਸੇ ਭਰਨ ਲਈ ਜ਼ਿੰਮੇਵਾਰ ਹੋਵੇਗਾ। ਟੀਟੀਐੱਲ ਆਪਣੇ ਰਿਕਾਰਡ ਅਨੁਸਾਰ ਗਾਹਕ ਦੇ ਬਿੱਲਿੰਗ ਪਤੇ ਤੇ ਬਿੱਲ ਭੇਜੇਗੀ। ਬਿੱਲ ਨਾ ਮਿਲਣ ਦੇ ਮਾਮਲੇ ਵਿਚ ਇਹ ਪੋਸਟ-ਪੇਡ ਗਾਹਕ ਦੀ ਜ਼ਿੰਮੇਵਾਰੀ ਹੈ ਕਿ ਉਹ ਅਦਾਇਗੀ ਦੀ ਨਿਯਤ ਤਾਰੀਖ਼ ਤੋਂ ਪਹਿਲਾਂ ਪੁੱਛ-ਗਿੱਛ ਕਰੇ।

vii. ਗਾਹਕ ਦੁਆਰਾ ਬਕਾਇਆ ਨਾ ਭਰੇ ਜਾਣ ਜਾਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੇ ਹੋਰ ਉਲੰਘਣ/ਣਾਂ ਦੇ ਮਾਮਲੇ ਵਿਚ ਜੇ ਮਾਮਲਾ ਕਿਸੇ ਵਸੂਲੀ ਏਜੰਸੀ/ਕਾਨੂੰਨੀ ਸਲਾਹਕਾਰ/ਟੀਟੀਐੱਲ ਦੇ ਪ੍ਰਤਿਨਿੱਧੀ ਦੇ ਹਵਾਲੇ ਕਰਨਾ ਜ਼ਰੂਰੀ ਹੋਇਆ, ਤਾਂ ਵਿਆਜ ਸਮੇਤ ਬਕਾਏ ਦੀ ਵਸੂਲੀ, ਕਾਨੂੰਨੀ ਖ਼ਰਚਿਆਂ, ਆਦਿ ਦੀਆਂ ਸਾਰੀਆਂ ਲਾਗਤਾਂ ਗਾਹਕ ਨੂੰ ਭਰਨੀਆਂ ਅਤੇ/ਜਾਂ ਸਹਿਣ ਕਰਨੀਆਂ ਪੈਣਗੀਆਂ।

viii. ਇਸ ਗਾਹਕ ਅਰਜ਼ੀ ਫ਼ਾਰਮ/ਨਿਯਮਾਂ ਅਤੇ ਸ਼ਰਤਾਂ ਵਿਚ ਵਿਖਾਏ ਕਰਾਂ ਸਮੇਤ, ਗਾਹਕ ਨੂੰ ਖ਼ਰਚਿਆਂ ਦੇ ਨਾਲ ਨਾਲ ਸਾਰੇ ਕਰ ਜਾਂ ਮਹਿਸੂਲ ਸਹਿਣ ਕਰਨੇ ਪੈਣਗੇ।

ਅ) ਗਾਹਕ ਕਿਸੇ ਗ਼ਲਤ, ਅਨੈਤਿਕ ਜਾਂ ਗੈਰਕਾਨੂੰਨੀ ਕੰਮ ਲਈ ਸੇਵਾ/ਵਾਂ ਦੀ ਵਰਤੋਂ ਨਹੀਂ ਕਰੇਗਾ ਜਾਂ ਨਹੀਂ ਕਰਵਾਏਗਾ ਜਾਂ ਕਿਸੇ ਹੋਰ ਨੂੰ ਵਰਤਣ ਦੀ ਇਜ਼ਾਜਤ ਨਹੀਂ ਦੇਵੇਗਾ। ਇਸ ਵਿਚ ਕੋਈ ਵੀ ਅਜਿਹਾ ਤਰੀਕਾ ਸ਼ਾਮਲ ਹੈ, ਜੋ ਨੈੱਟਵਰਕ ਦੇ ਸੰਚਾਲਨ ਅਤੇ/ਜਾਂ ਟੀਟੀਐੱਲ ਦੇ ਦੂਜੇ ਗਾਹਕਾਂ ਨੂੰ ਸੇਵਾ/ਵਾਂ ਦੀ ਸਹੂਲਤ ਨੂੰ ਖ਼ਤਰੇ ਵਿਚ ਪਾ ਸਕਦਾ ਹੈ ਜਾਂ ਪ੍ਰਭਾਵਿਤ ਕਰ ਸਕਦਾ ਹੈ ਜਾਂ ਨੁਕਸਾਨ ਪਹੁੰਚਾ ਸਕਦਾ ਹੈ ਜਾਂ ਜਨਤਾ ਜਾਂ ਕਿਸੇ ਵਿਅਕਤੀ ਲਈ ਪੁਆੜਾ ਪਾ ਸਕਦਾ ਹੈ।

ੲ) ਗਾਹਕ ਡੀਓਟੀ, ਸਰਕਾਰ ਅਤੇ/ਜਾਂ ਟੀਟੀਐੱਲ ਦੁਆਰਾ ਨੈੱਟਵਰਕ ਨਾਲ ਵਰਤਣ ਲਈ ਸਿਰਫ਼ ਮਨਜ਼ੂਰਸ਼ੁਦਾ ਉਪਕਰਣ ਹੀ ਵਰਤੇਗਾ। ਗਾਹਕ ਟੀਟੀਐੱਲ ਦੀ ਅਗਾਊਂ ਲਿਖਤੀ ਸਹਿਮਤੀ ਲਏ ਬਿਨਾਂ ਸੇਵਾ/ਵਾਂ ਦਾ ਲਾਭ ਉਠਾਉਣ ਲਈ ਵਰਤੇ/ਵਰਤੇ ਜਾਣ ਵਾਲੇ ਉਪਕਰਣ ਨਾਲ ਕੋਈ ਹੋਰ ਉਪਕਰਣ ਨਹੀਂ ਲਗਾਵੇਗਾ ਜਾਂ ਜੋੜੇਗਾ। ਗਾਹਕ ਟੀਟੀਐੱਲ ਦੇ ਉਪਕਰਣ ਦੀ ਵਰਤੋਂ ਸੇਵਾ/ਵਾਂ ਦਾ ਲਾਭ ਉਠਾਉਣ ਤੋਂ ਬਿਨਾਂ ਹੋਰ ਕਿਸੇ ਕੰਮ ਲਈ ਨਹੀਂ ਕਰੇਗਾ।

ਸ) ਗਾਹਕ ਸਾਰੇ ਲਾਗੂ ਕਾਨੂੰਨਾਂ, ਨਿਯਮਾਂ ਅਤੇ ਕਾਇਦਿਆਂ ਅਤੇ ਗਾਹਕ ਦੁਆਰਾ ਸੇਵਾ/ਵਾਂ ਦੀ ਵਰਤੋਂ ਜਾਂ ਉਪਕਰਣ ਪ੍ਰਾਪਤੀ ਬਾਰੇ ਸਰਕਾਰ, ਡੀਓਟੀ ਜਾਂ ਟੀਟੀਐੱਲ ਦੁਆਰਾ ਜਾਰੀ ਕਿਸੇ ਵੀ ਹਿਦਾਇਤ ਉੱਤੇ ਆਮਲ ਕਰੇਗਾ। ਇਨ੍ਹਾਂ ਵਿਚ ਕਰ ਕਾਨੂੰਨ ਅਤੇ ਆਯਾਤ ਕੰਟਰੋਲ ਕਾਇਦੇ ਵੀ ਸ਼ਾਮਲ ਹਨ, ਪਰ ਇਹ ਇਨ੍ਹਾਂ ਤਕ ਹੀ ਸੀਮਤ ਨਹੀਂ ਹੈ।

ਹ) ਟੀਟੀਐੱਲ ਦੁਆਰਾ ਉਚੇਚੇ ਤੌਰ ਤੇ ਲਿਖਤੀ ਇਜਾਜ਼ਤ ਨੂੰ ਛੱਡ ਕੇ ਗਾਹਕ ਉਪਕਰਣ ਨੂੰ ਖੋਲ੍ਹਣ, ਮੁਰੰਮਤ ਕਰਨ, ਪੁਰਜ਼ੇ ਬਦਲੀ ਕਰਨ ਜਾਂ ਕੋਈ ਹੋਰ ਛੇੜਖਾਨੀ ਕਰਨ ਦਾ ਕੰਮ ਨਹੀਂ ਕਰੇਗਾ। ਉਪਕਰਣ ਦੀ ਸੁਰੱਖਿਆ ਗਾਹਕ ਦੀ ਜ਼ਿੰਮੇਵਾਰੀ ਹੈ। ਜੇ ਉਪਕਰਣ ਗੁਆਚ ਜਾਵੇ, ਚੋਰੀ ਹੋ ਜਾਵੇ ਜਾਂ ਨੁਕਸਾਨਿਆ ਜਾਵੇ, ਤਾਂ ਗਾਹਕ ਟੀਟੀਐੱਲ ਨੂੰ ਤੁਰੰਤ ਇਸ ਦੀ ਜਾਣਕਾਰੀ ਦੇਵੇਗਾ ਅਤੇ ਲਿਖਤੀ ਰੂਪ ਵਿਚ ਇਸ ਦੀ ਤਸਦੀਕ ਕਰੇਗਾ। ਉੱਪਰ ਲਿਖੇ ਦੇ ਬਾਵਜੂਦ,ਉਪਕਰਣ ਰਾਹੀਂ ਮੁਹੱਈਆ ਸੇਵਾ/ਵਾਂ ਬੰਦ ਕੀਤੀਆਂ ਜਾਣ ਤਕ ਗਾਹਕ ਸਾਰੇ ਖ਼ਰਚੇ ਸਹਿਣ ਕਰਨ ਲਈ ਜ਼ਿੰਮੇਵਾਰ ਹੋਵੇਗਾ। ਅਜਿਹੇ ਮਾਮਲੇ ਵਿਚ ਉਪਕਰਣ ਦੇ ਗੁਆਚਣ,ਚੋਰੀ ਹੋਣ ਜਾਂ ਨੁਕਸਾਨੇ ਜਾਣ ਨਾਲ ਹੋਣ ਵਾਲੇ ਟੀਟੀਐੱਲ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਜ਼ਿੰਮੇਵਾਰੀ ਵੀ ਗਾਹਕ ਦੀ ਹੋਵੇਗੀ।

ਕ) ਗਾਹਕ ਟੀਟੀਐੱਲ ਦੁਆਰਾ ਸਮੇਂ-ਸਮੇਂ ਤੇ ਮੰਗੀ ਸਹੀ ਅਤੇ ਪੂਰੀ ਜਾਣਕਾਰੀ ਅਤੇ ਦਸਤਾਵੇਜ਼ ਜਮ੍ਹਾ ਕਰਵਾਏਗਾ।

ਖ) ਗਾਹਕ ਸੇਵਾ/ਵਾਂ ਮੁਹੱਈਆ ਅਤੇ ਮੁਲਤਵੀ ਹੋਣ ਦੇ ਅਰਸੇ ਲਈ ਅਤੇ ਉਸ ਤੋਂ ਮਗਰੋਂ ਪੂਰੀ ਅਦਾਇਗੀ ਕੀਤੇ ਜਾਣ ਤਕ ਖ਼ਰਚਿਆਂ ਲਈ ਜ਼ਿੰਮੇਵਾਰ ਹੋਵੇਗਾ।

ਗ) ਬਿੱਲਿੰਗ ਪਤੇ ਵਿਚ ਕਿਸੇ ਵੀ ਬਦਲੀ ਲਈ ਗਾਹਕ ਟੀਟੀਐੱਲ ਨੂੰ ਲਿਖਤੀ ਰੂਪ ਵਿਚ ਜਾਣਕਾਰੀ ਦੇਵੇਗਾ। ਕੋਈ ਵੀ ਲਿਖਤੀ ਜਾਣਕਾਰੀ, ਬਿੱਲ, ਬਿੱਲਿੰਗ ਸਟੇਟਮੈਂਟ ਜਾਂ ਟੀਟੀਐੱਲ ਦੁਆਰਾ ਜਾਂ ਵੱਲੋਂ ਜਾਰੀ ਕੀਤੀ ਸੂਚਨਾ ਗਾਹਕ ਨੂੰ ਸਾਧਾਰਣ ਡਾਕ ਵਿਚ ਪਾਉਣ ਦੇ 48 ਘੰਟੇ ਅੰਦਰ ਤਾਮੀਲ ਕੀਤੀ ਮੰਨੀ ਜਾਵੇਗੀ।

ਘ) ਟੀਟੀਐੱਲ ਦੀ ਅਗਾਊਂ ਲਿਖਤੀ ਸਹਿਮਤੀ ਤੋਂ ਬਗੈਰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਮੁਹੱਈਆ ਸੇਵਾ/ਵਾਂ ਵਿਚ ਗਾਹਕ ਕੋਈ ਹੱਕ ਜਾਂ ਹਿਤ ਨਹੀਂ ਸੌਂਪੇਗਾ। ਟੀਟੀਐੱਲ ਦੇ ਉਪਕਰਣ ਦੇ ਮਾਮਾਲੇ ਵਿਚ ਗਾਹਕ ਹੱਕ-ਰਖਾਈ ਜਾਂ ਦਾਅਵਾ ਹਸਤਾਂਤਰਣ ਜਾਂ ਕਿਸੇ ਦੇ ਹਵਾਲੇ ਜਾਂ ਤਿਆਰ ਨਹੀਂ ਕਰੇਗਾ।

ਙ) ਗਾਹਕ ਸੇਵਾ/ਵਾਂ ਬਾਰੇ ਟੀਟੀਐੱਲ ਦੁਆਰਾ ਸਮੇਂ ਸਮੇਂ ਤੇ ਤੈਅ ਕੀਤੀਆਂ ਕਾਰਵਾਈਆਂ ਉੱਤੇ ਅਮਲ ਕਰੇਗਾ।

ਚ) ਸੇਵਾ/ਵਾਂ ਵਿਚ ਕਿਸੇ ਵੀ ਊਣਤਾਈ ਬਾਰੇ ਗਾਹਕ ਟੀਟੀਐੱਲ ਨੂੰ ਅਜਿਹੀ ਊਣਤਾਈ ਹੋਣ ਦੇ 7 ਦਿਨਾਂ ਅੰਦਰ ਲਿਖਤੀ ਜਾਣਕਾਰੀ ਦੇਵੇਗਾ। ਟੀਟੀਐੱਲ ਅਜਿਹੀ ਊਣਤਾਈ ਬਾਰੇ ਪੂਰੀ ਜਾਣਕਾਰੀ ਮਿਲਣ ਤੇ ਇਸ ਊਣਤਾਈ ਨੂੰ ਦੂਰ ਕਰਨ ਦਾ ਯਤਨ ਕਰੇਗੀ।

ਛ) ਗਾਹਕ ਸੇਵਾ/ਵਾਂ ਦਾ ਲਾਭ ਉਠਾਉਣ ਲਈ ਵਰਤਿਆ/ਵਰਤਿਆ ਜਾਣ ਵਾਲਾ ਉਪਕਰਣ ਲਗਾਉਣ, ਚਾਲੂ ਕਰਨ, ਮੁਰੰਮਤ ਕਰਨ, ਕੱਢਣ ਅਤੇ ਬਰਾਮਦ ਰਕਨ ਲਈ ਟੀਟੀਐੱਲ ਅਤੇ/ਜਾਂ ਇਸ ਦੇ ਅਧਿਕਾਰਤ ਪ੍ਰਤਿਨਿਧੀਆਂ ਨੂੰ ਗਾਹਕ ਦੇ ਅਹਾਤੇ ਵਿਚ ਦਾਖ਼ਲ ਹੋਣ ਅਤੇ ਰਹਿਣ ਦੀ ਇਜਾਜ਼ਤ ਦੇਵੇਗਾ ਅਤੇ ਜਿੱਥੇ ਇਸ ਮਕਸਦ ਲਈ ਜ਼ਰੂਰੀ ਹੋਵੇ, ਗਾਹਕ ਟੀਟੀਐੱਲ ਤੋਂ ਖ਼ਰਚਾ ਲਏ ਬਿਨਾਂ ਤੀਜੀਆਂ ਧਿਰਾਂ ਤੋਂ ਢੁਕਵੀਂ ਮਨਜ਼ੂਰੀ ਅਤੇ ਸਹਿਮਤੀ ਹਾਸਲ ਕਰੇਗਾ।

ਜ) ਗਾਹਕ ਸੇਵਾ/ਵਾਂ ਦੇ ਖ਼ਤਮ ਕੀਤੇ ਜਾਣ/ਕੱਟ ਕੀਤੇ ਜਾਣ ਦੇ ਮਾਮਲੇ ਵਿਚ ਕਿਸੇ ਵੀ ਵੇਲੇ ਗਾਹਕ ਨੂੰ ਸੌਂਪੇ ਜਾਂ ਗਾਹਕ ਦੇ ਅਹਾਤੇ 'ਤੇ ਭੇਜੇ ਟੀਟੀਐੱਲ ਦੇ ਉਪਕਰਣ ਦਾ ਕਬਜ਼ਾ ਟੀਟੀਐੱਲ ਨੂੰ ਦੇ ਦੇਵੇਗਾ।

ਝ) ਫਿਕਸਿਡ ਟੈਲੀਫ਼ੋਨ ਕਨੈਕਸ਼ਨਾਂ ਦੇ ਮਾਮਲੇ ਵਿਚ ਗਾਹਕ ਇਹ ਸੁਨਿਸ਼ਚਿਤ ਕਰੇਗਾ ਕਿ ਸੇਵਾ/ਵਾਂ ਦੇ ਲਾਭ ਉਠਾਉਣ ਲਈ ਵਰਤਿਆ ਗਿਆ ਉਪਕਰਣ ਟੀਟੀਐੱਲ ਦੀ ਅਗਾਊਂ ਲਿਖਤੀ ਸਹਿਮਤੀ ਦੇ ਅਤੇ ਉਸ ਦੀਆਂ ਤੈਅ ਕੀਤੀਆਂ ਸ਼ਰਤਾਂ ਦਾ ਪਾਲਣ ਕਰਨ ਮਗਰੋਂ ਹੀ ਲਗਾਈ ਗਈ ਥਾਂ ਤੋਂ ਹਟਾਇਆ ਜਾਂ ਦੂਜੀ ਥਾਂ ਲਿਜਾਇਆ ਜਾਵੇਗਾ, ਉਂਝ ਨਹੀਂ (ਇਹ ਸ਼ਰਤ ਪ੍ਰੀ-ਪੇਡ ਗਾਹਕ ਉੱਤੇ ਲਾਗੂ ਨਹੀਂ ਹੈ)

ਞ) ਜੇ ਜ਼ਰੂਰੀ ਹੋਵੇ ਤਾਂ ਗਾਹਕ ਨੂੰ ਉਪਕਰਣ ਦੇ ਸੰਚਾਲਨ ਲਈ ਬਿਜਲੀ ਦੀ ਪੂਰਤੀ ਕਰਨੀ ਹੋਵੇਗੀ। ਉਪਕਰਣ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਗਾਹਕ ਦੀ ਹੋਵੇਗੀ।

**5. ਪ੍ਰਮਾਣਕਤਾ**

ਇਹ ਨਿਯਮ ਅਤੇ ਸ਼ਰਤਾਂ 1885 ਦੇ ਇੰਡਅਨ ਟੈਲੀਗ੍ਰਾਫ਼ ਐਕਟ, ਟੈਲੀਕੌਮ ਰੈਗੂਲੇਟਰੀ ਔਥਾਰਿਟੀ ਆਫ਼ ਇੰਡੀਆ ਐਕਟ, 1997 ਦੀਆਂ ਧਾਰਾਵਾਂ ਅਤੇ ਇਨ੍ਹਾਂ ਦੇ ਅਧੀਨ ਬਣਾਏ ਨਿਯਮਾਂ ਅਤੇ ਕਾਇਦਿਆਂ ਅਧੀਨ ਅਤੇ ਕਿਸੇ ਅਦਾਲਤ, ਟ੍ਰਿਬਿਊਨਲ, ਸੰਵਿਧਾਨਕ ਸੱਤਾ ਦੀ ਕਿਸੇ ਹੋਰ ਹਦਾਇਤ/ਹੁਕਮ ਤੋਂ ਇਲਾਵਾ ਸਮੇਂ-ਸਮੇਂ ਤੇ ਪ੍ਰਚਲਿਤ ਅਤੇ ਲਾਗੂ ਹੋਰ ਕਾਨੂੰਨਾਂ, ਕਾਇਦਿਆਂ ਅਤੇ ਨਿਯਮਾਂ ਅਧੀਨ ਹੋਣਗੇ।

**6. ਦੇਣਦਾਰੀਆਂ ਦੀ ਸੀਮਾ**

ੳ) ਟੀਟੀਐੱਲ ਨੈੱਟਵਰਕ ਜਾਂ ਸੇਵਾ/ਵਾਂ ਜਾਂ ਉਪਕਰਣ ਜਾਂ ਸਾਫ਼ਟਵੇਅਰ ਦੇ ਨਿਰਵਿਘਨ ਜਾਂ ਦੋਸ਼ ਰਹਿਤ ਕੰਮ ਦੀ ਗਾਰੰਟੀ ਨਹੀਂ ਦਿੰਦੀ ਅਤੇ ਕਿਸੇ ਘਟਨਾ (ਇਨ੍ਹਾਂ ਵਿਚ ਅੱਗ, ਵਿਸਫੋਟ, ਜੰਗ, ਦੰਗੇ, ਹੜਤਾਲਾਂ, ਤਾਲੇਬੰਦੀਆਂ, ਪਿਕਟਿੰਗ, ਬਾਈਕਾਟ, ਸਰਕਾਰੀ ਕੰਮ, ਅਣਹੋਣੀਆਂ ਦੂਜੇ ਟੈਲੀਕੌਮ ਜਾਂ ਮਿੱਤਰ ਸੇਵਾ ਪ੍ਰਦਾਤਾਵਾਂ ਦੀਆਂ ਸਹੂਲਤਾਂ ਜਾਂ ਕਾਰਜਾਂ ਤੋਂ ਪੈਦਾ ਹੋਣ ਵਾਲੇ ਕਾਰਨ ਸ਼ਾਮਲ ਹਨ, ਪਰ ਇਨ੍ਹਾਂ ਤਕ ਹੀ ਮੀਮਤ ਨਹੀਂ

ਹਨ) ਕਰਕੇ ਨੈਟਵਰਕ/ਸੇਵਾ/ਵਾਂ/ਉਪਕਰਣ/ ਸਾਫ਼ਟਵੇਅਰ ਦੇ ਸੰਚਾਲਨ ਦੇ ਸਿੱਟੇ ਵਜੋਂ ਗਾਹਕ ਜਾਂ ਕਿਸੇ ਹੋਰ ਖਪਤਕਾਰ ਜਾਂ ਹੋਰ ਵਿਅਕਤੀ ਨੂੰ ਲੱਗਣ ਵਾਲੀ ਸੱਟ-ਫੇਟ ਜਾਂ ਹੋਣ ਵਾਲੇ ਨੁਕਸਾਨ ਜਾਂ ਮੌਤ ਲਈ ਜ਼ਿੰਮੇਵਾਰ ਨਹੀਂ ਹੋਵੇਗੀ।

